





# ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਪ੍ਰਗੀਤਕ ਤੱਤ



**ਡਾ. ਵੀਨਾ ਅਰੋੜਾ**
ਐਸੋਸੀਏਟ ਪ੍ਰੋਫ਼ੈਸਰ
ਪੰਜਾਬੀ ਵਿਭਾਗ
ਹੰਸ ਰਾਜ ਮਹਿਲਾ
ਮਹਾ ਵਿਦਿਆਲਾ
ਜਲੰਧਰ
8847015395
aroraveena28
@gmail.com

ਪ੍ਰਗੀਤ, ਕਾਵਿ ਦਾ ਅਨੁਭੂਤੀ ਆਧਾਰਿਤ, ਸੰਵੇਦਨੀ, ਛੰਦ ਪ੍ਰਬੰਧ ਅਤੇ ਚਿਰ ਸਥਾਪਿਤ ਰੂਪ ਹੈ। 'ਪ੍ਰਗੀਤ' ਅੰਗਰੇਜ਼ੀ ਸ਼ਬਦ 'lyric' ਦਾ ਸਮਾਨਾਰਥੀ ਹੈ।[1] ਅਸਲ 'ਚ 'ਪ੍ਰਗੀਤ (lyric) ਇਕ ਅਜਿਹਾ ਕਾਵਿ ਰੂਪਾਕਾਰ ਹੈ ਜਿਹੜਾ ਸ਼ੁੱਧ ਸ਼ਾਬਦਿਕ ਸਾਧਨਾ ਉਤੇ ਵਧੇਰੇ ਨਿਰਭਰ ਕਰਦਾ ਹੈ। ਇਸ ਵਿਚ ਭਾਸ਼ਾ, ਧੁਨੀ, ਲੈਅ, ਸਮਸੁਰਤਾ ਤੇ ਸੰਵੇਦਨਾਤਮਕ ਸਹਿ-ਸਬੰਧਾਂ ਦੀ ਉਚਿੱਤ ਵਰਤੋਂ ਕੀਤੀ ਜਾਂਦੀ ਹੈ। ਇਹ ਇਕ ਭਾਸ਼ਕ-ਸਿਰਜਣਾ ਹੈ, ਜਿਹੜੀ ਛੰਦ, ਅਨੁਪ੍ਰਾਸ, ਤੁਕਾਂਤ, ਦੁਹਰਾਉ ਅਤੇ ਭਾਸ਼ਾ ਦੀ ਹਰ ਸੰਭਵ ਜੁਗਤ ਉੱਪਰ ਆਧਾਰਿਤ ਰਹਿੰਦੀ ਹੈ।[2] ਆਰੰਭਿਕ ਅਰਥਾਂ ਵਿਚ 'ਲਿਰਕ ਉਹ ਸਰੋਦੀ ਕਵਿਤਾ ਸੀ, ਜਿਸਨੂੰ 'ਲਾਇਰ' (lyre) ਨਾਮੀ ਸਾਜ਼ ਦੀ ਸੰਗਤੀ ਵਿਚ ਗਾਇਆ ਜਾਂਦਾ ਸੀ।[3] ਬਰਤਾਨਵੀ ਮਹਾਨਕੋਸ਼ ਅਨੁਸਾਰ,'ਲਿਰਕ ਸ਼ਬਦ ਅੰਗਰੇਜ਼ੀ ਵਿਚ ਗਰੀਕ ਭਾਸ਼ਾ ਤੋਂ ਆਇਆ ਹੈ। ਪ੍ਰਾਚੀਨ ਯੂਨਾਨ ਵਿਚ ਲੂਰਾ ਨਾਮੀ ਸਾਜ਼ ਦੀ ਸੰਗਤ ਵਿਚ ਗਾਏ ਜਾਣ ਵਾਲੇ ਗੀਤਾਂ ਨੂੰ ਲੁਰੀਕੋਸ ਕਿਹਾ ਜਾਂਦਾ ਸੀ ਅਤੇ ਇਸ ਤੋਂ ਲਿਰਕ ਸ਼ਬਦ ਦੀ ਉਤਪਤੀ ਹੋਈ।'[4]

ਬਾਰਬਰਾ ਹਾਰਡੀ ਅਨੁਸਾਰ, 'ਸਰੋਦੀ (ਪ੍ਰਗੀਤਕ)-ਕਾਵਿ ਭਾਵਾਂ ਨੂੰ ਛੋਟੇ-ਛੋਟੇ ਚੱਕਰਾਂ ਵਿਚ ਵੰਡਦਾ ਹੈ ਅਤੇ ਇਨ੍ਹਾਂ ਨੂੰ ਬੇਹੱਦ ਸ਼ਦੀਦ ਕਰ ਦਿੰਦਾ ਹੈ।'[5] ਨਾਰਥਰੋਪ ਫਰਾਈ (Northrop Fry) ਨੇ ਪ੍ਰਗੀਤ ਦੀ ਮਿੱਲ ਵੱਲੋਂ ਦਿੱਤੀ ਪਰਿਭਾਸ਼ਾ ਦੀ ਪ੍ਰੋੜਤਾ ਕਰਦਿਆਂ ਲਿਖਿਆ ਹੈ, 'ਪ੍ਰਗੀਤ ਇਕ ਅਜਿਹਾ ਪ੍ਰਗਟਾਵਾ ਹੁੰਦਾ ਹੈ ਜਿਹੜਾ ਲੁੱਕ ਕੇ ਸੁਣਿਆ ਜਾਂਦਾ ਹੈ ਅਤੇ ਇਸਨੂੰ ਇਸਦੀ ਗਰਮਜੋਸ਼ੀ ਵਾਲੀ ਅਭਿਵਿਅੰਜਨਾ ਦੀ ਤੀਬਰਤਾ (Radical of Presentation) ਰਾਹੀਂ ਪ੍ਰਕਾਸ਼ਿਤ ਕੀਤਾ ਜਾਂਦਾ ਹੈ ਜਿੱਥੇ ਕਵੀ ਸਰੋਤਿਆਂ ਵੱਲ ਆਪਣੀ ਪਿੱਠ ਮੋੜ ਲੈਂਦਾ ਹੈ, ਭਾਵੇਂ ਉਹ ਉਨ੍ਹਾਂ ਦੀ ਖਾਤਿਰ ਹੀ ਸਿਰਜਣਾ ਕਰਦਾ ਹੈ ਅਤੇ ਉਹ ਉਸ ਤੋਂ ਮਗਰੋਂ ਵੀ ਉਸ ਦੇ ਕੁਝ ਸ਼ਬਦਾਂ ਨੂੰ ਦੁਹਰਾਉਂਦੇ ਰਹਿੰਦੇ ਹਨ।'[6]

ਜੋਨਾਥਨ ਕੂਲਰ (Jonathan Culler) ਇਕ ਵੱਖਰੇ ਆਲੋਚਨਾਤਮਕ ਪਰਿਪੇਖ ਤੋਂ ਭਾਵ ਪੂਰਕ ਸੰਬੋਧਨੀ ਕਾਵਿ (apostrophe) ਦੇ ਅਲੰਕਾਰਕ ਰੂਪਾਂ ਉਤੇ ਬਲ ਦਿੰਦਾ ਹੈ। ਉਸ ਨੇ ਸਿੱਧੇ ਸੰਬੋਧਨ ਵਾਲੀ ਇਕ ਕਾਵਿ ਪੰਗਤੀ ਦੀ ਉਦਾਹਰਣ ਦਿੱਤੀ ਹੈ :

> "ਹੇ ਗੁਲਾਬ, ਤੂੰ ਬੀਮਾਰ ਹੈ"? ਉਸ ਨੇ ਸੁਝਾਉ ਦਿੱਤਾ ਹੈ ਕਿ ਸਾਨੂੰ ਕਵਿਤਾ ਵਿਚ ਕਾਰਜਸ਼ੀਲ ਦੋ ਸ਼ਕਤੀਆਂ ਦਾ ਨਿਖੇੜਾ ਕਰਨਾ ਚਾਹੀਦਾ ਹੈ ਅਤੇ ਇਹ ਸ਼ਕਤੀਆਂ ਹਨ, ਬਿਰਤਾਂਤ' ਅਤੇ ਸੰਬੋਧਨ, ਅਤੇ ਪ੍ਰਗੀਤ ਮੂਲ ਰੂਪ ਵਿਚ ਸੰਬੋਧਨੀ ਕਾਵਿ ਦੀ ਜਿੱਤ ਹੈ।[7]

ਉਪਰੋਕਤ ਪਰਿਭਾਸ਼ਾਵਾਂ ਪ੍ਰਤੱਖ ਤੌਰ 'ਤੇ ਪ੍ਰਗੀਤ ਦੇ ਕੇਂਦਰੀ ਗੁਣਾਂ ਸਬੰਧੀ

ਭਿੰਨਤਾ ਰਖਦੀਆਂ ਹਨ, ਪਰ ਪ੍ਰਗੀਤ ਨੂੰ ਇਕ ਅਸਲੋਂ ਹੀ ਵਿਆਪਕ ਉਚਿੱਤਤਾ ਵਾਲੇ ਵਰਗ ਉਚਾਰਨ ਦੀ ਇਕ ਵਿਧੀ ਜਾਂ ਇਕ ਅਜਿਹੇ ਕਾਵਿ ਪੈਂਤੜੇ ਵਜੋਂ ਵਖਿਆਉਣ ਦਾ ਯਤਨ ਕਰਨ ਵਿਚ ਸਮਭਾਵੀ ਹਨ, ਜਿਸ ਨੂੰ ਵੱਖ-ਵੱਖ ਸਮਿਆਂ ਤੇ ਵੱਖ-ਵੱਖ ਸੱਭਿਆਚਾਰਾਂ ਦੀਆਂ ਕਵਿਤਾਵਾਂ ਨੂੰ ਇਕੱਠਿਆਂ ਕਰਨ 'ਚ ਵਰਤਿਆ ਜਾ ਸਕਦਾ ਹੈ।

ਪੰਜਾਬੀ ਵਿਚ 'ਲਿਰਕ' ਲਈ ਗੀਤ, 'ਵੈਣਿਕ ਗੀਤ', 'ਗੀਤਿ', 'ਪ੍ਰਗੀਤ' ਅਤੇ 'ਸਰੋਦੀ ਕਵਿਤਾ' ਆਦਿਕ ਸ਼ਬਦਾਂ ਦਾ ਪ੍ਰਯੋਗ ਹੋਇਆ ਹੈ। ਡਾ. ਜੋਸ਼ੀ 'ਗੀਤ' ਨੂੰ ਲਿਰਕ ਦਾ ਪੂਰਨ ਪਰਿਆਇਵਾਚੀ ਮੰਨਣ ਦੀ ਥਾਂ ਇਸ ਨੂੰ ਸਰੋਦੀ ਕਾਵਿ ਦਾ ਆਰੰਭਿਕ ਅਤੇ ਇਸ ਦਾ ਇਕ ਉੱਪ ਭੇਦ ਮੰਨਦਾ ਹੈ।[8] ਭਾਵੇਂ ਪੰਜਾਬੀ ਦੇ ਆਧੁਨਿਕ ਦੌਰ ਦੇ ਮੁੱਢਲੇ ਵਿਦਵਾਨਾਂ ਨੇ ਲਿਰਕ ਕਾਵਿ ਲਈ 'ਗੀਤ ਕਾਵਿ' ਅਤੇ 'ਵੈਣਿਕ ਕਾਵਿ' ਸ਼ਬਦਾਂ ਦਾ ਪ੍ਰਯੋਗ ਕੀਤਾ ਹੈ ਪਰ ਕੁਝ ਵਿਦਵਾਨਾਂ ਨੇ ਇਸਨੂੰ 'ਸਰੋਦੀ-ਕਾਵਿ' ਵੀ ਕਿਹਾ ਹੈ। ਹਿੰਦੀ ਵਿਚ 'ਲਿਰਕ' ਲਈ 'ਪ੍ਰਗੀਤ' ਸ਼ਬਦ ਦਾ ਵਧੇਰੇ ਪ੍ਰਯੋਗ ਹੋਇਆ ਹੈ, ਜਿਸ ਦਾ ਕੋਸ਼ਗਤ ਅਰਥ 'ਗਾਇਆ' ਹੈ।[9] ਹਿੰਦੀ ਭਾਸ਼ਾ ਵਿਚ ਗੀਤ ਤੇ ਪ੍ਰਗੀਤ ਦੀ ਕਾਫ਼ੀ ਚਰਚਾ ਹੋਈ ਮਿਲਦੀ ਹੈ। ਡਾ. ਰਾਧਿਕਾ ਸਿੰਘ ਅਨੁਸਾਰ ,'ਕਾਵਿ ਰਚਨਾ ਭਾਵਨਾ, ਕਲਪਨਾ ਅਤੇ ਬੁੱਧੀ ਦਾ ਸਾਂਝਾ ਕਾਰਜ-ਵਿਹਾਰ ਹੈ। ਇਹ ਭਾਵਨਾਮਈ ਅੰਤਰ ਦੀ ਪਿਆਰੀ ਬਿਰਤੀ ਹੈ। ਕਾਵਿ ਦਾ ਮੂਲ ਗੁਣ ਪਾਠਕ ਦੀ ਰਾਗਾਤਮਕ ਚੇਤਨਾ ਨੂੰ ਜਾਗ੍ਰਿਤ ਕਰਨਾ ਹੈ। ਇਸ ਦ੍ਰਿਸ਼ਟੀ ਤੋਂ ਗੇਯਤਾ (ਗਵੈਸ਼) ਕਾਵਿ ਦੀ ਜ਼ਰੂਰੀ ਵਿਸ਼ੇਸ਼ਤਾ ਹੈ। ਕੁਝ ਕਾਵਿ ਰੂਪਾਂ ਵਿਚ ਗਵੈਸ਼ ਦਾ ਤੱਤ ਭਾਰੂ ਰਹਿੰਦਾ ਹੈ ਅਤੇ ਕੁਝ ਰੂਪਾਂ ਵਿਚ ਗੌਣ। ਇਉਂ ਗਵੈਸ਼ ਦੀ ਮਾਤਰਾ ਦੀ ਦ੍ਰਿਸ਼ਟੀ ਤੋਂ ਕਾਵਿ ਦੇ ਦੋ ਭੇਦ ਹਨ ,ਗੀਤ ਜਾਂ ਪ੍ਰਗੀਤ, ਅਗੀਤ ਜਾਂ ਪ੍ਰਗੀਤ।'[10]

ਹਿੰਦੀ ਵਿਚ 'ਪ੍ਰਗੀਤ' ਲਈ ਗੀਤੀ ਸ਼ਬਦ ਵੀ ਪ੍ਰਯੋਗ ਹੁੰਦਾ ਹੈ। ਡਾ. ਨਿਰਮਲਾ ਜੈਨ ਅਨੁਸਾਰ, 'ਆਂਤਰਿਕ ਸੰਗੀਤ ਪ੍ਰਗੀਤ ਦੀ ਵਿਸ਼ੇਸ਼ਤਾ ਹੈ ਪਰ ਗੀਤ ਲਈ ਬਾਹਰੀ ਸੰਗੀਤ (ਸਾਜ਼) ਦਾ ਵਿਧਾਨ ਵੀ ਆਵੱਸ਼ਕ ਮੰਨਿਆ ਗਿਆ ਹੈ। ਪ੍ਰਗੀਤ ਦੇ ਸਮਾਨਯ ਭਾਵ ਸੰਗੀਤ ਦੇ ਨਾਲ ਜਦ ਬਾਹਰੀ ਸੰਗੀਤ ਦੀ ਯੋਜਨਾ ਕੀਤੀ ਜਾਂਦੀ ਹੈ, ਤਦ ਪ੍ਰਗੀਤ ਦਾ ਸੰਗੀਤ ਵਿਸ਼ਿਸ਼ਟ ਰੂਪ 'ਗੀਤ' ਕਹਾਉਂਦਾ ਹੈ।'[11]

ਇੰਜ ਭਾਵ-ਆਵੇਸ਼ ਅਤੇ ਭਾਸ਼ਾ ਦੀ ਕੋਮਲਤਾ ਗੀਤ-ਪ੍ਰਗੀਤ ਵਿਚ ਇਕੋ ਜਿਹੀ ਹੁੰਦੀ ਹੈ। ਤੀਬਰ ਅੰਤਰ-ਪ੍ਰੇਰਨਾ ਅਥਵਾ ਭਾਵ ਸੰਵੇਗ ਦਾ ਗੀਤ ਦੇ ਰੂਪ ਵਿਚ ਉਦਗਾਰ ਹੀ ਪ੍ਰਗੀਤ ਹੈ। ਇਨ੍ਹਾਂ ਦੀ ਭਾਸ਼ਾ ਵੀ ਵਧੇਰੇ ਅਲੰਕਰਿਤ, ਸਮਸਤ ਅਤੇ ਬੋਝਲ ਨਾ ਹੋ ਕੇ ਪ੍ਰਸੰਨਤਾ-ਸੰਪੰਨ ਮਧੁਰ ਅਤੇ ਸੰਗੀਤਮਈ ਹੁੰਦੀ ਹੈ।

ਹਿੰਦੀ ਦੇ ਪ੍ਰਭਾਵ ਅਧੀਨ ਹੀ ਡਾ. ਹਰਿਭਜਨ ਸਿੰਘ, ਡਾ. ਸਤਿੰਦਰ ਸਿੰਘ ਨੂਰ, ਡਾ. ਮਹਿੰਦਰ ਕੌਰ ਗਿੱਲ, ਅਤੇ ਡਾ. ਠਾਕੁਰ ਦੱਤ ਜੋਸ਼ੀ ਆਦਿ ਵਿਦਵਾਨਾਂ ਨੇ ਲਿਰਕ ਲਈ 'ਪ੍ਰਗੀਤ' ਸ਼ਬਦ ਹੀ ਅਪਣਾਇਆ ਹੈ। ਉਪਰੋਕਤ ਪਰਿਭਾਸ਼ਾਵਾਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਭਾਵ-ਆਵੇਸ਼ਕ, ਲਘੂ-ਆਕਾਰੀ, ਗੁੰਦਵੇ ਸ਼ਬਦਾਂ ਵਾਲੀ ਸੁਛੰਦਿਤ ਰਚਨਾ ਪ੍ਰਗੀਤ ਹੈ।

ਅਸਲ 'ਚ ਡਾ. ਮਹਿੰਦਰ ਕੌਰ ਗਿੱਲ ਜਿੱਥੇ ਮਹਾਂ ਕਾਵਿ ਨੂੰ ਮਿਲੇ-ਜੁਲੇ ਭਾਸ਼ਾਈ ਗੁਣਾਂ ਦੀ ਸਯਤਨ ਪ੍ਰਦਰਸ਼ਨੀ ਕਹਿੰਦੀ ਹੈ, ਜੋ ਦਰਅਸਲ ਸਲੇਸ਼ (Paranomsisa) ਪ੍ਰਯੋਗ ਹੈ ਅਤੇ ਇਸ ਵਿਚ ਆਵਾਜ਼ ਬਹੁ-ਵਿਧ-ਪ੍ਰਕਾਰੀ, ਵਿਚਾਰ ਅਨੇਕ ਪ੍ਰਕਾਰੀ, ਸਿਮ੍ਰਤੀਆਂ ਤੇ ਵੰਨ ਸੁਵੰਨੇ ਸੁਪਨਿਆਂ ਦਾ ਸੰਯੋਗ ਹੁੰਦਾ ਹੈ, ਉਥੇ ਪ੍ਰਗੀਤ ਨੂੰ ਉਹ ਇਸ ਤੋਂ ਵੱਖਰੀ ਤਰ੍ਹਾਂ ਦੀ ਵਿਧਾ ਮੰਨਦੀ ਹੈ। ਪ੍ਰਗੀਤ ਵਿਚ ਆਵਾਜ਼ ਅਤੇ ਮਨੋਸਥਿਤੀ ਇਕ ਰਸ ਹੋ ਕੇ ਉਭਰਦੀ ਹੈ ਇਸ ਵਿਚ ਇਕ ਤਰ੍ਹਾਂ ਦਾ ਪ੍ਰਤੱਖੀਕਰਨ ਦਾ ਨੇਮ ਕੰਮ ਕਰਦਾ ਹੈ। ਉਹ 'ਸੰਯੁਕਤ ਲੈਅ' ਨੂੰ ਪ੍ਰਗੀਤ ਦੀ ਲਾਜ਼ਮੀ ਸ਼ਰਤ ਮੰਨਦੀ ਹੈ। ਉਸ ਅਨੁਸਾਰ ਹਾਪਕਿਨਜ਼ ਨੇ ਪ੍ਰਗੀਤ ਨੂੰ (Sprung Rhythm) ਕਿਹਾ ਹੈ ਅਤੇ ਜਿਸ ਨੂੰ ਉਸਨੇ 'ਫੁੱਟਣ ਲੈਅ' ਦਾ ਨਾਮ ਦਿੱਤਾ ਹੈ। 'ਫੁੱਟਣ ਲੈਅ' ਦਾ ਸਬੰਧ ਪ੍ਰਗੀਤ ਨਾਲ ਉਸੇ ਤਰ੍ਹਾਂ ਦਾ ਹੈ ਜਿਸ ਤਰ੍ਹਾਂ ਮਹਾਂ ਕਾਵਿ ਦਾ ਪ੍ਰਵਾਹ ਤੇ ਚਾਲ ਨਾਲ।'[12]

ਨਾਰਥਰੋਪ ਫਰਾਈ ਅਨੁਸਾਰ, 'ਇਹ ਇਕ ਸਵੈ-ਸੰਬੋਧਨੀ ਵਿਧਾ ਹੈ ਜਿਸ ਵਿਚ ਪ੍ਰਗੀਤਕਾਰ ਦੀ ਪਿੱਠ ਪਾਠਕਾਂ ਤੇ ਸਰੋਤਿਆਂ ਵੱਲ ਰਹਿੰਦੀ ਹੈ।'[13] ਡਾ. ਸਤਿੰਦਰ ਸਿੰਘ ਨੇ ਪ੍ਰਗੀਤ ਨੂੰ ਇਕ ਰੂਪਾਕਾਰ (Genre) ਮੰਨਿਆ ਹੈ ਜਿਸ ਦਾ ਆਪਣਾ ਇਕ ਪੂਰਵ-ਪ੍ਰਚਲਿਤ ਸਿਸਟਮ ਹੈ ਅਤੇ ਜਿਸ ਤੋਂ ਕਵੀ ਆਪਣੀ ਰਚਨਾ ਦਾ ਕਾਰਜ ਆਰੰਭਦਾ ਹੈ ਅਤੇ ਕਿਸੇ ਪ੍ਰਗੀਤ ਦੀ ਰਚਨਾ ਕਰਦਾ ਹੈ। ਉਸ ਅਨੁਸਾਰ, 'ਪ੍ਰਗੀਤ ਦੀ ਸਵੈ-ਸੰਬੋਧਨੀ ਵਾਰਤਾਲਾਪ ਜਾਂ ਇਕੱਲੇ ਮਨੁੱਖ ਦੀ ਆਵਾਜ਼ ਦਾ ਭਾਵ ਇਹ ਹਰਗਿਜ਼ ਨਹੀਂ ਕਿ ਇਸ ਨੂੰ ਹੋਰਨਾਂ ਨੇ ਨਹੀਂ ਸੁਨਣਾ ਹੁੰਦਾ। ਪਾਠਕ/ਸਰੋਤਾ ਇਸ ਆਵਾਜ਼ ਨੂੰ ਸੁਣਦੇ ਵੀ ਹਨ ਤੇ ਮਾਣਦੇ ਵੀ ਹਨ। ਪਰ ਦੂਜੇ ਰੂਪਾਕਾਰਾਂ ਦੇ

ਟਾਕਰੇ 'ਤੇ ਪ੍ਰਗੀਤ ਨੂੰ ਸੁਨਣ ਮਾਨਣ ਦੀ ਵਿਧੀ ਵੱਖਰੀ ਹੁੰਦੀ ਹੈ ਪਾਠਕ/ਸਰੋਤਾਂ ਪਰੋਖ ਰੂਪ ਵਿਚ ਉਸਨੂੰ ਗ੍ਰਹਿਣ ਕਰਦੇ ਹਨ ਅਥਵਾ ਉਹ ਇਸ ਨੂੰ ਅਸਿੱਧੇ ਰੂਪ ਵਿਚ ਸੁਣਦੇ ਤੇ ਮਾਣਦੇ ਹਨ। ਇਹ ਪ੍ਰੋਖ ਸ਼੍ਰਵਣ ਤੋਂ ਸਿੱਧਾ ਪ੍ਰੋਸ਼ਣ ਪ੍ਰਗੀਤ ਦਾ ਲਾਜ਼ਮੀ ਅਧਾਰ ਹੈ।'[14]

ਅਸਲ 'ਚ ਪ੍ਰਗੀਤਕਾਰ ਆਪਣੇ ਨਿਜੀ ਭਾਵਾਂ ਦਾ ਪ੍ਰਗੀਤੀਕਰਨ ਕਰਦਾ ਹੈ ਪਰ ਉਸ ਦੀ ਉਹ ਅਨੁਭੂਤੀ ਵਿਆਪਕ ਹੁੰਦੀ ਹੈ। ਇਸ ਲਈ ਪ੍ਰਗੀਤ ਨੂੰ ਸਰੋਤੇ/ਪਾਠਕ ਆਪਣੀ ਨਿੱਜ-ਅਨੁਭੂਤੀ ਵਜੋਂ ਮਾਣਦੇ, ਦੁਹਰਾਉਂਦੇ ਤੇ ਗਾਉਂਦੇ ਰਹਿੰਦੇ ਹਨ। ਪ੍ਰਗੀਤ, ਮੁੱਖ ਤੌਰ ਤੇ ਸਵੈ-ਸੰਬੋਧਨੀ ਹੁੰਦਾ ਹੈ ਪਰ ਅਸਲ ਵਿਚ ਇਹ 'ਮੈਂ' ਵੱਲੋਂ 'ਤੂੰ' ਨੂੰ ਸੰਬੋਧਿਤ ਹੁੰਦਾ ਹੈ ਜਿਸ ਵਿਚ ਆਪਣੇ ਹਰਸ਼ ਤੇ ਵਿਸ਼ਾਦ ਦਾ ਇਜ਼ਹਾਰੀ ਪ੍ਰਗਟਾਵਾ ਹੁੰਦਾ ਹੈ ਇਸ ਨੂੰ ਡਾ. ਸਤਿੰਦਰ ਸਿੰਘ ਨੇ ਪ੍ਰਗੀਤ ਰਚਨਾ ਦਾ ਸੰਗਠਿਤ ਸਿਧਾਂਤ ਕਿਹਾ ਹੈ।

ਇੰਜ ਪ੍ਰਗੀਤ ਦੀ ਸਿਰਜਣਾ ਪ੍ਰਗੀਤਕਾਰ ਆਪਣੇ ਆਂਤਰਿਕ ਤਣਾਉ ਤੋਂ ਮੁਕਤ ਹੋਣ ਲਈ ਕਰਦਾ ਹੈ। ਸਭ ਤੋਂ ਵਧ ਢੁੱਕਵੇਂ ਸ਼ਬਦਾਂ ਵਿਚ ਹੋਈ ਅਭਿਵਿਅਕਤੀ ਉਸ ਨੂੰ ਤਸੱਲੀ ਦਿੰਦੀ ਹੈ। ਸਮੂਹਿਕ ਭਾਵਨਾਵਾਂ ਦੇ ਅਨੁਸਾਰੀ ਹੋਣ ਕਰਕੇ ਪ੍ਰਗੀਤ ਵਿਚ ਦੂਜਿਆਂ ਨੂੰ ਪ੍ਰਭਾਵਿਤ ਤੇ ਭਾਵ-ਵਰੇਚਤ ਕਰਨ ਦੀ ਸਮਰੱਥਾ ਹੁੰਦੀ ਹੈ। ਇਕ ਤਰ੍ਹਾਂ ਨਾਲ ਪ੍ਰਗੀਤ ਨੂੰ ਅਸੀਂ ਅਜਿਹਾ ਦਰਪਣ ਕਹਿ ਸਕਦੇ ਹਾਂ ਜਿਸ ਵਿਚੋਂ ਅਨੁਭੂਤੀਸ਼ੀਲ ਵਿਅਕਤੀ ਆਪਣੀ ਆਂਤਰਿਕਤਾ ਪ੍ਰਤਿਬਿੰਬਤ ਹੋਈ ਵੇਖ ਸਕਦਾ ਹੈ।

ਪ੍ਰਗੀਤ ਦੀਆਂ ਉਪਰੋਕਤ ਪਰਿਭਾਸ਼ਾਵਾਂ ਦਾ ਅਧਿਐਨ ਵਿਸ਼ਲੇਸ਼ਣ ਕਰਨ ਉਪਰੰਤ ਹੁਣ ਅਸੀਂ ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚਲੇ ਪ੍ਰਗੀਤਕ ਤੱਤਾਂ ਬਾਰੇ ਵਿਚਾਰ ਕਰਾਂਗੇ।

## ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਪ੍ਰਗੀਤਕ ਤੱਤ :

ਪੰਜਾਬੀ ਸੂਫ਼ੀ ਕਾਵਿ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਰਾਹੀਂ ਆਪਣਾ ਸਿਖ਼ਰ ਛੂੰਹਦਾ ਹੈ,ਭਾਂਵੇ ਉਸ ਨੇ ਬਾਰਾਮਾਹ, ਅਠਵਾਰੇ, ਗੰਢਾਂ, ਸੀਹਰਫ਼ੀਆ ਤੇ ਦੋਹੜੇ ਵੀ ਰਚੇ ,ਪਰ ਉਸ ਨੂੰ ਵਿਆਪਕ ਪ੍ਰਸਿਧੀ ਉਸ ਦੀਆਂ ਸੰਵੇਦਨਸ਼ੀਲ ਕਾਫ਼ੀਆਂ ਨਾਲ ਮਿਲੀ। ਲਿਹਾਜ਼ਾ ਇਸ ਖੋਜ ਪੱਤਰ ਦਾ ਮਨੋਰਥ ਬੁੱਲ੍ਹੇ ਸ਼ਾਹ ਰਚਿਤ ਕਾਵਿ ਦੇ ਸਰੋਦੀ ਅੰਸ਼ ਦੀ ਪੇਸ਼ਕਾਰੀ ਹੈ। 'ਸੱਯਦ ਬੁੱਲ੍ਹੇ ਸ਼ਾਹ ਰਾਹੀਂ ਪੰਜਾਬੀ ਸੂਫ਼ੀ ਕਵਿਤਾ ਆਪਣਾ ਸਿਖ਼ਰ ਛੂੰਹਦੀ ਹੈ ਅਤੇ ਉਸਨੂੰ ਪੰਜਾਬੀ ਦਾ ਪ੍ਰਮੁੱਖ ਰਹੱਸਵਾਦੀ ਪ੍ਰਗੀਤਕਾਰ ਬਣਾਉਂਦੀ ਹੈ। ਪੰਜਾਬੀ ਸੂਫ਼ੀ ਕਵੀਆਂ ਵਿਚੋਂ ਸਭ ਤੋਂ ਵੱਧ ਪ੍ਰਸਿਧੀ ਬੁੱਲ੍ਹੇ ਸ਼ਾਹ ਨੂੰ ਪ੍ਰਾਪਤ ਹੋਈ।'[15] ਡਾ ਹਰਜਿੰਦਰ ਸਿੰਘ ਢਿੱਲੋਂ ਅਨੁਸਾਰ, 'ਉਸ ਤੱਕ ਪੁਜਦਿਆਂ ਪੰਜਾਬੀ ਸੂਫ਼ੀ ਕਵਿਤਾ ਆਪਣੇ ਲਗਭਗ ਪੰਜ ਸੌ ਸਾਲ ਹੰਢਾ ਚੁੱਕੀ ਸੀ।'[16] ਇਹ ਆਮ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਜਿਨ੍ਹਾਂ ਸੂਫ਼ੀ ਕਵੀਆਂ ਦੀ ਰਚਨਾ ਨੇ ਪੰਜਾਬੀ ਜੀਵਨ 'ਤੇ ਡੂੰਘਾ ਅਸਰ ਪਾਇਆ, ਸਾਈਂ ਬੁੱਲ੍ਹੇ ਸ਼ਾਹ ਉਨ੍ਹਾਂ ਵਿਚੋਂ ਇਕ ਵਿਸ਼ੇਸ਼ ਤੇ ਮਹਾਨ ਕਵੀ ਸੀ। ਡਾ. ਜੀਤ ਸਿੰਘ ਸੀਤਲ ਨੇ ਉਸਨੂੰ ਮਹਾਨ ਸੂਫ਼ੀ ਕਵੀ ਅਤੇ 'ਪੰਜਾਬ ਦਾ ਮਨਸੂਰ' ਕਿਹਾ ਹੈ, ਜਿਸ ਨਾਲ ਸੂਫ਼ੀ ਕਵਿਤਾ ਸਿਖਰ 'ਤੇ ਪੁੱਜੀ।'[17] ਡਾ. ਲਾਜਵੰਤੀ ਰਾਮਾਕ੍ਰਿਸ਼ਨਾ ਉਸਨੂੰ ਅੰਤਰਰਾਸ਼ਟਰੀ ਪੱਧਰ ਦਾ ਸੂਫ਼ੀ ਮੰਨਦੀ ਹੋਈ ਉਸ ਦੀ ਤੁਲਨਾ ਫਾਰਸ ਦੇ ਜਲਾਲੁਦੀਨ ਰੂਮੀ ਅਤੇ ਸ਼ਮਸ ਤਬਰੇਜ਼ ਨਾਲ ਕਰਦੀ ਹੈ।'[18] ਡਾ. ਮੋਹਨ ਸਿੰਘ ਦੀਵਾਨਾ ਦਾ ਮਤ ਹੈ ਕਿ ਬੁੱਲ੍ਹੇ ਸ਼ਾਹ ਦੇ ਪੰਜਾਬੀ ਦੇ ਸ਼ੇਅਰ ਜਿਨ੍ਹਾਂ ਵਿਚੋਂ ਮਾਰਫ਼ਤ ਅਤੇ ਤੌਹੀਦ ਫੁੱਟ ਫੁੱਟ ਪੈਂਦੀ ਹੈ ਆਮ ਖਾਸ ਦੀ ਜ਼ਬਾਨ 'ਤੇ ਚੜ੍ਹੇ ਹੋਏ ਹਨ। ਇਸ ਦੀਆਂ ਕਾਫ਼ੀਆਂ ਸੂਫ਼ੀਆਂ ਦੀਆਂ ਮਜਲੱਸਾਂ ਵਿਚ ਕੱਵਾਲ ਗਾਉਂਦੇ ਹਨ ਅਤੇ ਸੁਨਣ ਵਾਲਿਆਂ ਦੇ ਦਿਲੀ ਸ਼ੌਕ ਅਤੇ ਜੋਸ਼ ਵਧਾਉਂਦੇ ਹਨ।'[19]

ਬੁੱਲ੍ਹੇ ਸ਼ਾਹ ਦਾ ਨਿਸ਼ਚਾ ਸੀ ਕਿ ਵੇਦ ਕਿਤਾਬਾਂ ਰਾਹੀਂ ਅਦਵੈਤ ਦੇ ਪੱਧਰ ਤੱਕ ਨਹੀਂ ਪਹੁੰਚਿਆ ਜਾ ਸਕਦਾ। ਉਸ ਦੇ ਖ਼ਿਆਲ ਵਿਚ ਇਕੋ ਨੁਕਤੇ ਵਿਚ ਗੱਲ ਮੁਕਦੀ ਹੈ ਅਤੇ ਇਹ ਨੁਕਤਾ ਪ੍ਰੇਮ ਦਾ ਹੀ ਹੈ।ਉਸ ਅਨੁਸਾਰ,

*ਇਲਮੋਂ ਇਲਮੋਂ ਬਸ ਕਰੀ ਓ ਯਾਰ।*
*ਇਕੋ ਅਲਫ ਤੇਰੇ ਦਰਕਾਰ।*

ਸਪੱਸ਼ਟ ਹੈ ਕਿ ਬੁੱਲ੍ਹੇ ਸ਼ਾਹ ਪੰਜਾਬੀ ਦੇ ਸ੍ਰੇਸ਼ਠ ਕਵੀਆਂ ਵਿਚੋਂ ਇਕ ਹੈ। ਸ਼ਰਈ ਕੱਟੜਵਾਦ ਤੋਂ ਮੁਕਤ ਉਸ ਦੀਆਂ ਆਪਣੇ ਮੁਰਸ਼ਦ ਰਾਹੀਂ ਪਰਮਾਤਮਾ ਨਾਲ ਇਕਮਿਕਤਾ ਦੇ ਪ੍ਰਭਾਵ ਤਹਿਤ ਰਚੀਆਂ ਕਾਫ਼ੀਆਂ ਪੰਜਾਬੀ ਸੂਫ਼ੀ ਕਾਵਿ ਦਾ ਸ੍ਰੇਸ਼ਠ ਭਾਗ ਹਨ।

ਬੁੱਲ੍ਹੇ ਸ਼ਾਹ ਦਾ ਅਸਲ ਨਾਂ 'ਅਬਦੁੱਲਾ' ਸੀ ਜੋ ਭਾਸ਼ਾਈ ਤਦਭਵੀਕਰਨ ਰਾਹੀਂ ਬੁੱਲ੍ਹਾ ਹੋ ਗਿਆ। ਕਸੂਰ

ਲਾਗੇ ਪਾਂਡੋਕੇ ਦੇ ਜੰਮਪਲ ਬੁੱਲ੍ਹੇ ਦਾ ਜੀਵਨ ਕਾਲ 1680-1758 ਈ. ਹੈ। ਮੁੱਢਲੀ ਅਤੇ ਧਾਰਮਿਕ ਸਿੱਖਿਆ ਦੀਖਿਆ ਉਪਰੰਤ ਉਹ ਲਾਹੌਰ ਦੇ ਉਘੇ ਸੂਫ਼ੀ ਫ਼ਕੀਰ ਸ਼ਾਹ ਇਨਾਇਤ ਦੇ ਸੰਪਰਕ ਵਿਚ ਆਇਆ ਤੇ ਹਮੇਸ਼ਾ ਲਈ ਉਸ ਦਾ ਬਣ ਕੇ ਰਹਿ ਗਿਆ। ਸ਼ਾਹ ਇਨਾਇਤ ਜਾਤ ਦਾ ਅਰਾਂਈਂ ਸੀ ਜਿਸ ਨੇ ਉਸਨੂੰ ਰੱਬ ਨੂੰ ਪਾਉਣ ਦੀ ਜੁਗਤ ਦੱਸਦੇ ਹੋਏ ਆਖਿਆ, 'ਬੁੱਲ੍ਹਿਆ ਰੱਬ ਦਾ ਕੀ ਪਾਉਣਾ, ਇਧਰੋਂ ਪੁੱਟਣਾਂ ਤੇ ਓਧਰ ਲਾਉਣਾ',ਬੁੱਲ੍ਹੇ ਨੇ ਰਿਸ਼ਤੇਦਾਰਾਂ ਦੇ ਵਰਜਣ ਟੋਕਣ ਉਤੇ ਵੀ ਸ਼ਾਹ ਇਨਾਇਤ ਦਾ ਲੜ ਨਾ ਛੱਡਿਆ ਅਤੇ ਉਸ ਦੀ ਨਾਰਾਜ਼ਗੀ ਨੂੰ ਮਿਟਾਉਣ ਲਈ ਅਜਿਹੀਆਂ ਕਾਫ਼ੀਆਂ ਰਚੀਆਂ ਜੋ ਉਸ ਦੇ ਸਰੋਦੀ ਅਨੁਭਵ ਦੀਆਂ ਲਖਾਇਕ ਬਣੀਆਂ :

*ਬਹੁੜੀ ਵੇ ਬਹੁੜੀ ਤਬੀਬਾ ਮੈਂਡੀ ਜਿੰਦ ਗਈਆ*
*ਤੇਰੇ ਇਸ਼ਕ ਨਚਾਇਆ ਕਰ ਥਈਆ ਥਈਆ।*
*ਵਤ ਨਾ ਕਰਸਾਂ ਮਾਣ ਰੰਝੇਟੇ ਯਾਰ ਦੇ ਵੇ ਅੜਿਆ।*

ਅਜਿਹੀਆਂ ਰੀਝਾਵਣੀਆਂ ਕਾਫ਼ੀਆਂ ਨੇ ਮੁਰਸ਼ਦ ਨਾਲ ਉਸ ਦਾ ਪੁਨਰ ਮਿਲਾਪ ਕਰਵਾ ਦਿੱਤਾ।ਡਾ. ਲਾਜਵੰਤੀ ਰਾਮਾਕ੍ਰਿਸ਼ਨਾ ਨੇ ਬੁੱਲ੍ਹੇ ਸ਼ਾਹ ਦੀ ਰਹੱਸ ਅਨੁਭੂਤੀ ਨੂੰ ਸ਼ਾਹ ਇਨਾਇਤ ਦੀ ਮੁਰੀਦੀ ਦਾ ਦੌਰ', ਵੇਦਾਂਤ ਦੇ ਪ੍ਰਭਾਵ ਵਾਲਾ ਦੌਰ, ਰਹੱਸਵਾਦ ਦਾ ਸਿਖਰ, ਤਿੰਨ ਪੜਾਵਾਂ ਵਿਚੋਂ ਲੰਘੀ ਮੰਨਿਆ ਹੈ।[20] ਪ੍ਰਭੂ ਪਰਮਾਤਮਾ ਨਾਲ ਅਭੇਦਤਾ ਦੀ ਅਨੁਭੂਤੀ ਦੇ ਸਪੱਸ਼ਟ ਦਾਅਵੇ ਬੁੱਲ੍ਹੇ ਦੀ ਕਵਿਤਾ ਵਿਚੋਂ ਉਜਾਗਰ ਹੁੰਦੇ ਹਨ:

*ਮੂੰਹ ਆਈ ਬਾਤ ਨ ਰਹਿੰਦੀ ਹੈ,*
*ਰੁਕ ਰੁਕ ਕੇ ਜੀਭਾ ਕਹਿੰਦੀ ਹੈ।*
*ਝੂਠ ਆਖਾਂ ਤਾਂ ਕੁਝ ਬਚਦਾ ਹੈ,*
*ਸੱਚ ਆਖਿਆਂ ਭਾਂਬੜ ਮਚਦਾ ਹੈ।*
*ਦਿਲ ਦੋਹਾਂ ਗੱਲਾਂ ਤੋਂ ਝੱਕਦਾ ਹੈ,*
*ਝੱਕ ਝੱਕ ਕੇ ਜੀਭਾ ਕਹਿੰਦੀ ਹੈ।*
*ਮੂੰਹ ਆਈ ਬਾਤ ਨ ਰਹਿੰਦੀ ਹੈ।*

'ਬੁੱਲੇ ਦੀ ਰਚਨਾ ਵਿਚ 156 ਕਾਫੀਆਂ, ਇਕ ਅਠਵਾਰਾ, ਇਕ ਬਾਰਾਂਮਾਹ, 49 ਦੋਹੜੇ, ਤਿੰਨ ਸੀਹਰਫ਼ੀਆਂ ਅਤੇ 40 ਗੰਢਾਂ ਸ਼ਾਮਲ ਹਨ।'[21] ਪ੍ਰੋ. ਪਿਆਰਾ ਸਿੰਘ ਪਦਮ ਵੱਲੋਂ 1973 ਵਿਚ 'ਸਾਈਂ ਬੁੱਲ੍ਹੇ ਸ਼ਾਹ' ਨਾਂ ਦੀ ਆਪਣੀ ਪੁਸਤਕ ਵਿਚ 99 ਕਾਫ਼ੀਆਂ, ਇਕ ਬਾਰਾਂਮਾਹ ਤੇ 21 ਦੋਹੜਿਆਂ ਦਾ ਵਰਨਣ ਮਿਲਦਾ ਹੈ।

ਪਹਿਲਾਂ ਅਸੀਂ ਸਰੋਦੀ ਅਥਵਾ ਪ੍ਰਗੀਤਕ ਕਾਵਿ ਦੀਆਂ ਪ੍ਰਮੁੱਖ ਪ੍ਰੀਭਾਸ਼ਾਵਾਂ ਦਾ ਉਲੇਖ ਕਰ ਆਏ ਹਾਂ, ਜਿਸ ਦੇ ਤਹਿਤ ਸਵੈ-ਸੰਬੋਧਨ, ਸੰਗੀਤਾਤਮਕਤਾ, ਨਿੱਜੀਪਣ, ਤੀਬਰ ਭਾਵਾਤਮਕਤਾ, ਭਾਵ ਏਕਤਾ ਆਦਿ ਸਰੋਦੀ ਕਾਵਿ ਦੇ ਉਘੜਵੇਂ ਲੱਛਣ ਮੰਨੇ ਗਏ ਹਨ। ਸਰੋਦੀ ਕਾਵਿ ਨਿੱਜੀ ਭਾਵ ਅਨੁਭੂਤੀ ਦਾ ਸੰਗੀਤਮਈ, ਕੋਮਲ ਅਤੇ ਲਲਿਤ ਭਾਸ਼ਾ ਵਿਚ ਛੰਦ ਬੱਧ ਪ੍ਰਕਾਸ਼ ਹੁੰਦਾ ਹੈ। ਪ੍ਰਗੀਤ ਵੇਦਨੀ ਸੰਵੇਦਨੀ ਕਾਵਿ ਹੈ ਇਹ ਨਿੱਜੀ ਪੀੜਾ ਦੀ ਦਰਦੀਲੀ ਕਵਿਤਾ ਹੈ। ਇਸ ਦਾ ਮੂਲ ਪ੍ਰੇਰਕ ਜਜ਼ਬਾ ਪਿਆਰ ਦਾ ਹੁੰਦਾ ਹੈ ਅਤੇ ਇਹ ਪਿਆਰ ਇਸ਼ਕ ਮਜਾਜੀ ਵੀ ਹੋ ਸਕਦਾ ਹੈ ਅਤੇ ਇਸ਼ਕ ਹਕੀਕੀ ਵੀ। ਜਗਿਆਸੂ ਵਿਅਕਤੀ ਇਸ਼ਕ ਦੀ ਭਾਵਨਾ ਨਾਲ ਆਕਰਸ਼ਿਤ ਹੋਇਆ ਜਦੋਂ ਕਸਕੀ ਵਿਰਲਾਪੀ ਅਵਸਥਾ ਵਿਚ ਹੁੰਦਾ ਹੈ ਤਾਂ ਉਸ ਦੀ ਸਿਰਜਨਾਤਮਕਤਾ ਸਰੋਦੀ ਧਾਰਾ ਵਿਚ ਵਹਿ ਤੁਰਦੀ ਹੈ। ਇੱਥੇ ਭਾਵ ਦੀ ਤੀਖਣਤਾ ਛਿਣ ਭੰਗਰੀ ਹੁੰਦੀ ਹੈ। ਇਸੇ ਲਈ ਪ੍ਰਗੀਤ ਲਘੂ ਆਕਾਰੀ, ਸ਼ਿੱਦਤ ਤੇ ਤੀਬਰਤਾ ਭਰਪੂਰ ਭਾਵ ਪ੍ਰਗਟਾਵਾ ਹੋ ਨਿਬੜਦਾ ਹੈ। ਪੰਜਾਬੀ ਪ੍ਰਗੀਤ ਕਾਵਿ ਗੁਰਮਤਿ ਕਾਵਿ, ਕਿੱਸਾ ਕਾਵਿ ਤੇ ਸੂਫ਼ੀ ਕਾਵਿ ਧਾਰਾ ਵਿਚ ਵੱਡੀ ਮਾਤਰਾ ਵਿਚ ਉਪਲੱਬਧ ਹੈ। ਇਹ ਮਨ ਅੰਤਰ ਪੀੜਾ ਦੀ ਕਵਿਤਾ ਹੈ ਜਿਸ ਦੀ ਸਿਰਜਨਾ ਇਸ਼ਕ ਦੀ ਨਿੱਜੀ ਅਨੁਭੂਤੀ ਬਿਨਾਂ ਸੰਭਵ ਨਹੀਂ। ਕਵੀ ਦੀ ਇਸ਼ਕ ਦੀ ਨਿੱਜੀ ਅਨੁਭੂਤੀ ਜਿੰਨੀ ਤੀਬਰ ਹੁੰਦੀ ਹੈ, ਉਨੀਂ ਹੀ ਸ਼ਿੱਦਤ ਉਸ ਦੇ ਪ੍ਰਗੀਤ ਵਿਚ ਆ ਜਾਂਦੀ ਹੈ ਅਤੇ ਉਹ ਲੈਅ-ਬੱਧ ਸਾਜ਼ੀ ਸੰਗਤ ਵਿਚ ਗਾਇਆ ਸਰੋਤਿਆਂ ਨੂੰ ਵਜ਼ਦ ਵਿਚ ਲਿਆ ਦਿੰਦਾ ਹੈ। ਕਵਾਲ ਜਦ ਸੂਫ਼ੀਆਂ ਦੀਆਂ ਕਾਫ਼ੀਆਂ ਮਿਲ ਕੇ ਦੁਹਰਾਉ ਦੀ ਗਾਇਣ ਸ਼ੈਲੀ ਵਿਚ ਗਾਉਂਦੇ ਹਨ ਤਾਂ ਅਨੁਭਵੀ ਲੋਕਾਂ ਨੂੰ ਹਾਲ ਚੜ੍ਹ ਜਾਂਦਾ ਹੈ ਅਤੇ ਉਹ ਮਸਤ ਹੋ ਕੇ ਬੇਹੋਸ਼ ਹੋ ਜਾਂਦੇ ਹਨ।

ਸੂਫ਼ੀ ਕਵੀ ਬੁੱਲ੍ਹੇ ਸ਼ਾਹ ਅਜਿਹੀ ਹੀ ਸਰੋਦੀ ਤੀਬਰ ਅਨੁਭੂਤੀ ਵਾਲਾ ਪੰਜਾਬ ਦੇ ਸ੍ਰੇਸ਼ਟਤਮ ਪ੍ਰਗੀਤਕਾਰਾਂ ਵਿਚੋਂ ਇਕ ਹੈ। ਉਸ ਦੀਆਂ ਕਾਫ਼ੀਆਂ ਤੇ ਦੋਹੜੇ ਸੂਫ਼ੀ ਰਹੱਸਵਾਦ ਦੀ ਅਨੁਭੂਤੀ ਦਾ ਰਾਂਗਲਾ ਪ੍ਰਕਾਸ਼ ਹਨ।

ਬੁੱਲ੍ਹੇ ਦੀ ਕਵਿਤਾ ਵਿਚ ਸਰੋਦੀ ਕਾਵਿ ਦੇ ਸਾਰੇ ਤੱਤ ਉਪਲੱਬਧ ਹਨ। ਉਹ ਇਸ਼ਕ ਮਜਾਜ਼ੀ ਵਾਲੀ ਸ਼ਬਦਾਵਲੀ ਵਿਚ ਆਪਣੇ ਮੁਰਸ਼ਦ ਪ੍ਰਤੀ ਆਪਣੀ ਤੀਬਰ ਭਾਵਨਾ ਅਤੇ ਰੱਬ ਨਾਲ ਇਕਮਿੱਕ ਹੋਣ ਦੀ ਇਸ਼ਕ-ਹਕੀਕੀ ਦੀ ਭਾਵਨਾ ਦਾ ਪ੍ਰਗਟਾਵਾ ਕਰਦਾ ਹੈ। ਉਸ ਦੀ ਕਵਿਤਾ ਉਸ ਦੀ ਸਾਧਨਾਗਤ, ਸਵੈ ਹੰਢਾਈ ਅਨੁਭੂਤੀ ਦੀਆਂ ਭਾਵ-ਗੁਲਜ਼ਾਰੀ ਰਚਨਾਵਾਂ ਹਨ।

ਅਸਲ ਵਿਚ ਸਾਰਾ ਸੂਫ਼ੀ ਕਾਵਿ ਸਰੋਦੀ ਅੰਸ਼ਾਂ ਨਾਲ ਭਰਪੂਰ ਹੈ ਕਿਉਂਕਿ ਸੂਫੀਮਤ ਇਸਲਾਮੀ ਰਹੱਸਵਾਦ ਹੈ ਅਤੇ ਇਹ ਰੱਬ ਦੀ ਪ੍ਰਾਪਤੀ ਅਤੇ ਉਸ ਨਾਲ ਅਭੇਦਤਾ ਦਾ ਮਾਰਗ ਹੈ। ਇਹ ਗੁੰਝਲਦਾਰ ਇਲਮਾ ਦੀ ਬੌਧਿਕਤਾ ਤੋਂ ਨਿਰਲੇਪ ਅਤੇ ਸਰਲ ਭਾਵੀ ਤੀਖਣਤਾ ਹੈ ਇਸ ਲਈ ਸਾਰੇ ਸੂਫ਼ੀ ਕਵੀਆਂ ਵਿਚ ਸਰੋਦੀ ਕਾਵਿ ਦੇ ਸਾਰੇ ਹੀ ਪ੍ਰਮੁੱਖ ਲੱਛਣ ਮਨਮੋਹਕ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। ਸੂਫ਼ੀ ਕਵੀਆਂ ਨੇ ਲੋਕ ਭਾਸ਼ਾ ਤੇ ਲੋਕ ਮੁਹਾਵਰੇ ਦਾ ਸਭ ਤੋਂ ਵੱਧ ਪ੍ਰਯੋਗ ਕੀਤਾ ਹੈ। ਉਹਨਾਂ ਦੇ ਕਲਾਮ ਵਿਚ ਸਰਲਤਾ, ਸਹਿਜ ਸੁਭਾਵਕਤਾ, ਸੰਗੀਤਾਤਮਕਤਾ, ਲੋਕ ਨਿਕਟਤਾ, ਨਿੱਜਾਤਮਕਤਾ, ਭਾਵ ਇਕਾਗਰਤਾ, ਭਾਵ ਆਵੇਸ਼ ਅਤੇ ਆਤਮਾ ਨੂੰ ਟੁੰਬਣ ਵਾਲੇ ਗੁਣ ਵਿਦਮਾਨ ਹਨ। ਏਸੇ ਲਈ ਸੂਫ਼ੀ ਕਵਿਤਾ ਪਾਠਕ ਦੇ ਦਿਲ ਨੂੰ ਟੁੰਬਦੀ ਹੈ ਅਤੇ ਆਪਣੇ ਵੇਗ ਵਿਚ ਰੋੜ ਕੇ ਲੈ ਜਾਣ ਦੀ ਸਮਰੱਥਾ ਰਖਦੀ ਹੈ। ਸਾਰੇ ਪੰਜਾਬੀ ਸੂਫ਼ੀ ਕਵੀਆਂ ਦੀ ਰਚਨਾ ਦਾ ਆਪੋ ਆਪਣਾ ਮਹੱਤਵ ਹੈ, ਪਰ ਜਿਹੜੀ ਸਰੋਦੀ ਤੀਖਣਤਾ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿਚ ਸੰਚਿਤ ਹੋਈ ਹੈ, ਉਹ ਪੰਜਾਬੀ ਸਰੋਦੀ ਕਾਵਿ ਦਾ ਸਿਖਰ ਬਣ ਗਿਆ ਹੈ। ਬੁੱਲ੍ਹੇ ਸ਼ਾਹ ਸ਼ਾਹ ਇਨਾਇਤ ਦੀ ਬਖਸ਼ਿਸ਼ ਨਾਲ 'ਫਨਾਹ-ਫੀ-ਅੱਲਾ' ਹੋ ਨਿਬੜਦਾ ਹੈ। ਉਸ ਦੀ ਰੱਬ ਸਨਾਸ਼ੀ ਅਥਵਾ ਉਸ ਨਾਲ ਏਕਤਾ, ਅਭੇਦਤਾ ਦੇ ਸਿੱਟੇ ਵਜੋਂ ਉਹ ਕਮਾਲ ਦੀਆਂ ਕਾਫ਼ੀਆਂ ਲਿਖ ਸਕਿਆ ਹੈ।

ਬੁੱਲ੍ਹੇ ਦੀ ਰਚਨਾ ਵਿਚਲੀ ਪ੍ਰਗਤੀਕਤਾ ਪਹਿਲੇ ਪੜਾਅ 'ਚ ਆਪਣੀ ਜਿੰਦ ਨੂੰ ਦਿੱਤੇ ਦੋਜ਼ਖ ਦੇ ਡਰਾਵਿਆਂ ਅਤੇ ਰੱਬ ਵੱਲੋਂ ਨਾ ਕਬੂਲੇ ਜਾਣ ਦੀਆਂ ਚੇਤਾਵਨੀਆਂ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। ਫੇਰ ਉਸ ਦੀ ਤੀਬਰਤਾ ਸ਼ਾਹ ਇਨਾਇਤ ਦੀ ਨਾਰਾਜ਼ਗੀ ਕਾਰਨ ਭੜਕ ਉਠਦੀ ਹੈ ਉਪਰੰਤ ਸ਼ਾਹ ਇਨਾਇਤ ਦੀ ਪ੍ਰਸ਼ੰਸਾ ਨਾਲ ਉਹ ਗੱਦ-ਗੱਦ ਹੋ ਜਾਂਦਾ ਹੈ। ਰੱਬ ਨਾਲ ਉਸ ਦੀ ਅਭੇਦਤਾ ਵਾਲੀਆਂ ਕਾਫ਼ੀਆਂ ਉਸ ਦੀ ਸਰੋਦੀ ਪ੍ਰਸੰਨਤਾ ਨੂੰ ਪ੍ਰਗਟਾਉਂਦੀਆਂ ਹਨ। ਇਸ ਲਈ ਅਸੀਂ ਬੁੱਲ੍ਹੇ ਦੇ ਸਰੋਦੀ-ਕਾਵਿ ਨੂੰ ਮਜਾਜ਼ੀ ਬਹੁਲਤਾ ਵਾਲੇ ਪ੍ਰਤੀਕਾਂ ਤੇ ਇਸ਼ਕ-ਹਕੀਕੀ ਦੀ ਅਨੁਭੂਤੀ ਵਾਲੀਆਂ ਕਾਫ਼ੀਆਂ ਦੇ ਤਹਿਤ ਦੋ ਵਰਗਾਂ ਵਿਚ ਵੰਡ ਸਕਦੇ ਹਾਂ।

ਅਸਲ 'ਚ ਸਰੋਦੀ-ਕਾਵਿ ਤੀਬਰ ਅਨੁਭੂਤੀ ਦਾ ਅਠਲਵਾਂ ਪ੍ਰਗਟਾਵਾ ਹੁੰਦਾ ਹੈ, ਇਥੇ ਆਪਣੇ ਪਿਆਰੇ ਦੀ ਅਤੀ ਸਮੀਪਤਾ ਦੀ ਲੋਚਾ ਤੇ ਉਸ ਵਿਚ ਅਭੇਦ ਹੋ ਜਾਣ ਦੀ ਰਮਜ਼ੀ ਅਵਸਥਾ ਪ੍ਰਗਟਾਈ ਗਈ ਹੁੰਦੀ ਹੈ। ਬੁੱਧੀ ਨਾਲੋਂ ਦਿਲ ਅਤੇ ਮਨ ਨਾਲ ਵਧੇਰੇ ਸਬੰਧਿਤ ਹੋਣ ਕਰਕੇ ਸਰੋਦੀ-ਕਾਵਿ ਸੰਗੀਤ ਯੁਕਤ ਲਘੂ ਆਕਾਰੀ ਹੁੰਦਾ ਹੈ। ਇਹ ਸਾਰੀਆਂ ਗੱਲਾਂ ਪੰਜਾਬੀ ਸੂਫ਼ੀ ਕਾਵਿ ਦੇ ਸਾਰੇ ਹੀ ਕਵੀਆਂ ਉਤੇ ਢੁੱਕਵੀਆਂ ਹਨ। ਜਿਵੇਂ ਫ਼ਰੀਦ ਦੀ ਕਵਿਤਾ ਵਿਚ ਵੈਰਾਗ ਤੇ ਬਿਰਹਾ ਉਸ ਦੇ ਸਰੋਦੀ ਤੱਤਾਂ ਦਾ ਹੀ ਪ੍ਰਮਾਣ ਹੈ। ਸ਼ਾਹ ਹੁਸੈਨ ਦੀਆਂ ਤੀਖਣ ਅਨੁਭਵ ਵਾਲੀਆਂ ਕਾਫ਼ੀਆਂ ਨਾਚ ਅਤੇ ਸੰਗੀਤ ਨਾਲ ਲਬਰੇਜ਼ ਹਨ। ਸਰੋਦੀ ਪੱਖ ਤੋਂ ਬੁੱਲ੍ਹੇ ਸ਼ਾਹ ਨੂੰ ਸੂਫ਼ੀ ਲਹਿਰ ਦਾ ਸ਼੍ਰੇਸ਼ਟ ਕਵੀ ਮੰਨਿਆ ਜਾਂਦਾ ਰਿਹਾ ਹੈ। ਉਸਨੇ ਆਪਣੇ ਕਾਵਿ ਵਿਚ ਡੂੰਘੇ ਦਰਦ ਅਤੇ ਪ੍ਰੇਮ ਦੀਆਂ ਤੀਬਰ ਭਾਵਨਾਵਾਂ ਦਾ ਪ੍ਰਗਟਾਵਾ ਇੰਨੇ ਜ਼ੋਰਦਾਰ ਢੰਗ ਨਾਲ ਕੀਤਾ ਹੈ ਕਿ ਪਾਠਕ/ਸਰੋਤਾ ਉਸ ਦੇ ਰੋੜਵੇਂ ਵੇਗ ਵਿਚ ਵਹਿ ਤੁਰਦਾ ਹੈ ਭਾਂਵੇਂ ਉਸਨੇ ਕਈ ਕਾਵਿ ਰੂਪਾਂ ਵਿਚ ਆਪਣੇ ਅਨੁਭਵ ਨੂੰ ਪ੍ਰਗਟਾਇਆ ਹੈ ਪਰ ਜਿਹੜੀ ਭਾਵ-ਅਭਿਵਿਅੰਜਨਾ ਉਸ ਦੀਆਂ ਕਾਫ਼ੀਆਂ ਵਿਚ ਹੈ, ਉਹ ਉਸਦੇ ਬਾਰਾਂਮਾਹ, ਅਠਵਾਰੇ, ਗੰਢਾਂ, ਸੀਹਰਫੀਆਂ, ਦੋਹੜਿਆਂ ਆਦਿ ਵਿਚ ਨਹੀਂ।

ਬੁੱਲ੍ਹੇ ਦੀ ਕਵਿਤਾ ਵਿਚ ਸਰੋਦੀ ਕਾਵਿ ਦੇ ਸਾਰੇ ਤੱਤ ਉਪਲੱਬਧ ਹਨ। ਇਸ ਪੱਖੋਂ ਉਸ ਦੀ ਕਵਿਤਾ ਦੇ ਅਧਿਐਨ ਉਪਰੰਤ ਹੇਠ ਲਿਖੇ ਤੱਤ ਦ੍ਰਿਸ਼ਟੀਗੋਚਰ ਹੁੰਦੇ ਹਨ।

## ਨਿੱਜੀਪਣ :

ਬੁੱਲ੍ਹੇ ਸ਼ਾਹ ਦੀ ਲਗਭਗ ਸਾਰੀ ਹੀ ਰਚਨਾ ਮੁਰਸ਼ਦ ਪ੍ਰਤੀ ਡੂੰਘੇ ਸੰਵੇਦਨੀ ਇਸ਼ਕ ਰਾਹੀਂ ਨਿੱਜ ਅਨੁਭੂਤਿਕ ਇਸ਼ਕ ਹਕੀਕੀ ਅਥਵਾ ਇਲਾਹੀ ਪਿਆਰ ਦੀ ਕਵਿਤਾ ਹੈ। ਇਸਲਾਮੀਅਤ ਦੀ ਬੁਨਿਆਦੀ ਕੁਰਾਨੀ ਸ਼ਰਈ ਸਿਖਿਆ ਦੀਖਿਆ ਅਤੇ ਤਰੀਕਤ ਵਿਚੋਂ ਦੀ ਗੁਜ਼ਰਦਿਆਂ ਬੁੱਲ੍ਹਾ ਤ੍ਰੀਮਤੀ ਇਸ਼ਕ ਤੋਂ ਉੱਕਾ ਹੀ ਨਿਰਲੇਪ ਮੁਰਸ਼ਦ ਭਗਤੀ ਨਾਲ ਮੂੰਹੋਂ-ਮੂੰਹ ਲਬਰੇਜ਼ ਹੋ ਕੇ ਮਨੁੱਖ ਦੀ ਅਧਿਆਤਮਕਤਾ ਅਤੇ ਪ੍ਰਭੂ ਰਹੱਸ ਨੂੰ

ਪਾ ਜਾਣ ਦੀ ਸੰਪੂਰਨ ਅਨੁਭੂਤੀ ਤੱਕ ਪੁੱਜਦਾ ਹੈ। ਇਸ ਸਾਰੇ ਸਾਧਨਾ ਮਾਰਗ ਵਿਚੋਂ ਉਹ ਪੜਾਅ ਦਰ ਪੜਾਅ ਗੁਜ਼ਰਦਾ ਤੁਰਿਆ ਜਾਂਦਾ ਹੈ। ਉਸ ਦੀ ਆਤਮਾ ਦੀ ਸਾਰੀ ਮੁਸਾਫ਼ਤ ਉਸ ਦੀਆਂ ਕਾਫ਼ੀਆਂ ਵਿਚ ਪੈੜ ਦਰ ਪੈੜ ਅੰਕਿਤ ਹੋਈ ਦਿੱਸਦੀ ਹੈ। ਇਸ਼ਕ ਮਜ਼ਾਜ਼ੀ ਹੋਵੇ ਚਾਹੇ ਇਸ਼ਕ ਹਕੀਕੀ, ਇਸ ਨੂੰ ਕੇਵਲ ਆਸ਼ਿਕ ਅਪਣਾ ਕੇ ਅਤੇ ਹੰਢਾ ਕੇ ਹੀ ਇਸ ਵਿਚਲਾ ਦਰਦ, ਕਸਕ, ਸੋਜ਼, ਵਿਗੋਚਾ, ਸ਼ਿੱਦਤ, ਆਨੰਦ ਅਤੇ ਪਰਮਾਨੰਦ ਅਨੁਭਵ ਕਰ ਸਕਦਾ ਹੈ।

ਇਹ ਪਰਾਈ ਪੀੜ ਕਦਾਚਿਤ ਨਹੀਂ ਹੁੰਦੀ। ਇਸ਼ਕ ਦਾ ਕਾਵਿ ਨਿਰੋਲ ਸਵੈ-ਅਨੁਭੂਤਿਕ ਹੁੰਦਾ ਹੈ ਅਤੇ ਇਸ਼ਕ ਦੀ ਨਿੱਜ ਅਨੁਭੂਤੀ ਤੋਂ ਸੱਖਣਾ ਵਿਅਕਤੀ ਅਜਿਹੇ ਕਾਵਿ ਨੂੰ ਮਾਣ ਨਹੀਂ ਸਕਦਾ। ਇਸ਼ਕ ਵਿਚ ਜਿੰਨਾ ਕੋਈ ਡੂੰਘਾ ਗੋਤਾ ਲਗਾਵੇਗਾ ਜਾਂ ਕਲਪਨਾ ਦੀ ਉੜਾਨ ਨਾਲ ਅਨੁਭਵ ਦੀ ਸਿਖਰ ਛੋਹੇਗਾ, ਉਤਨਾ ਹੀ ਉਸ ਦਾ ਕਾਵਿ ਪਾਠਕ/ਸਰੋਤੇ ਨੂੰ ਟੁੰਬਣ ਦੇ ਸਮਰੱਥ ਹੋਵੇਗਾ। ਜਿੰਨਾਂ ਵੀ ਕੋਈ ਸ਼ਾਇਰ ਆਪਣੇ ਅਨੁਭਵ ਵਿਚ ਡੂੰਘਾ ਗਿਆ ਹੈ ਉਤਨਾ ਹੀ ਉਹ ਮਜਾਜ਼ੀ ਤੋਂ ਹਕੀਕੀ ਇਸ਼ਕ ਦੇ ਜਗਿਆਸੂਆਂ ਵਿਚ ਪ੍ਰਵਾਨ ਚੜ੍ਹਿਆ ਹੈ। ਮੌਲਾਨਾ ਰੂਮੀ ਅਤੇ ਸ਼ਮਸ਼ ਤਬਰੇਜ਼ੀ ਦੀ ਬਰਾਬਰੀ ਨੂੰ ਪੁੱਜਣ ਵਾਲਾ ਬੁੱਲ੍ਹਾ ਆਪਣੇ ਇਸ਼ਕ ਦੀ ਸ਼ਿੱਦਤ ਅਤੇ ਉਸਦੇ ਸਰਲ ਤੇ ਅਰਥ ਭਰਪੂਰ ਲੈਆਤਮਕ ਪ੍ਰਗਟਾਵੇ ਰਾਹੀਂ ਪ੍ਰਵਾਨ ਚੜ੍ਹ ਕੇ ਪੰਜਾਬੀ ਦੇ ਮਹਾਂ ਕਵੀਆਂ ਵਿਚ ਗਿਣੇ ਜਾਣ ਦੇ ਸਮਰੱਥ ਹੋਇਆ ਹੈ। ਉਸ ਦੇ ਇਸ ਨਿੱਜੀਪਣ ਦੀਆਂ ਪ੍ਰਪੇਖੀ ਇਸ਼ਕ ਵਾਲੀਆਂ ਸਭ ਤੋਂ ਵੱਧ ਉਦਾਹਰਨਾਂ ਮਿਲਦੀਆਂ ਹਨ ਅਤੇ ਨਿੱਜੀ ਤੱਤ ਬੁੱਲ੍ਹੇ ਦੀ ਕਵਿਤਾ ਦਾ ਪ੍ਰਮੁੱਖ ਤੱਤ ਬਣਦਾ ਹੈ।

ਬੁੱਲ੍ਹੇ ਦੀ ਇਸ਼ਕ ਅਨੁਭੂਤੀ ਦੀ ਤੀਬਰ ਅਭਿਵਿਅੰਜਨਾ ਉਸ ਦੀ ਨਿੱਜੀ ਤੀਖਣ ਇਕਾਗਰਤਾ ਕਾਰਣ ਸੰਭਵ ਹੋਈ। ਇਸ ਅਨੁਭੂਤੀ ਨੂੰ ਉਸ ਨੇ ਆਪਣੇ ਮੁਰਸ਼ਦ ਦੇ ਨਿਰਦੇਸ਼ਨ ਅਤੇ ਉਸ ਨਾਲ ਹੋਏ ਬੇਹੱਦ ਇਸ਼ਕ ਰਾਹੀਂ ਪ੍ਰਾਪਤ ਕੀਤਾ। ਉਸ ਨੇ ਜਿਸ ਇਸ਼ਕ ਦੀ 'ਹਰ ਰੋਜ਼ ਨਵੀਓਂ ਨਵੀਂ ਬਹਾਰ' ਮਾਣੀ ਉਹ ਉਸ ਦੇ ਨਿੱਜ ਦਾ ਛਿਣ ਛਿਣ ਦਾ ਰੁਝੇਵਾਂ ਸੀ। ਇਹ ਇਸ਼ਕ ਸ਼ਰਈ ਜੀਵਨ ਨਾਲੋਂ ਉਚੇਰੀ ਮੰਜ਼ਿਲ ਹੈ:

*ਇਸ਼ਕ ਦੀ ਨਵੀਉਂ ਨਵੀਂ ਬਹਾਰ।*
*ਜਾ ਮੈਂ ਸਬਕ ਇਸ਼ਕ ਦਾ ਪੜ੍ਹਿਆ,ਮਸਜਿਦ ਕੋਲੋਂ ਜੀਉੜਾ ਡਰਿਆ,*
*ਡੇਰੇ ਜਾ ਠਾਕੁਰ ਦੇ ਵੜਿਆ,ਜਿਥੇ ਵਜਦਾ ਨਾਦ ਹਜ਼ਾਰ,*
*ਇਸ਼ਕ ਦੀ ਨਵੀਉਂ ਨਵੀਂ ਬਹਾਰ।* (ਕਾਫ਼ੀ ਨੰ. 1)

ਇਹ ਪ੍ਰਾਪਤੀ ਉਸ ਨੂੰ ਆਪਣੇ ਮੁਰਸ਼ਦ ਰਾਹੀਂ ਹੋਈ ਜਿਸ ਨੇ ਉਸਨੂੰ ਹਰ ਥਾਂ ਰੱਬ ਦੇ ਦੀਦਾਰ ਦੀ ਸੋਝੀ ਦਿੱਤੀ ਹੈ:

*ਪਾਇਆ ਹੈ ਕਿਛੁ ਪਾਇਆ ਹੈ,*
*ਮੇਰੇ ਸਤਿਗੁਰ ਅਲਖ ਲਖਾਇਆ ਹੈ।* (ਕਾਫੀ ਨੰ. 3)

ਬੁੱਲ੍ਹਾ ਪੜਾਅ ਦਰ ਪੜਾਅ ਵਹਿਦਤ ਦੀ ਸੋਝੀ ਤਕ ਪੁੱਜਦਾ ਹੈ ਅਤੇ ਰੱਬ ਸ਼ਨਾਸੀ ਦਾ ਪ੍ਰਗਟਾਵਾ ਇਉਂ ਵੀ ਕਰਦਾ ਹੈ:

*ਤੂੰ ਹੀ ਤੂੰ ਓ ਮੈਂ ਨਾਹੀਂ ਵੇ ਸੱਜਣਾ ਤੂੰ ਹੀ ਤੂੰ ਮੈਂ ਨਾਹੀਂ।*
*ਖ਼ੂਹੇ ਦੇ ਪਰਛਾਵੇਂ ਵਾਂਗੂ,ਘੁੰਮ ਰਹਾ ਮਨ ਮਾਹੀ।*
*ਜਾ ਬੋਲਾ ਤਾਂ ਤੂੰ ਨਾਲੇ ਬੋਲੇ ਚੁੱਪ ਕਰਾ ਮਨ ਮਾਹੀ।*
*ਜਾਂ ਸੌਂਦਾ ਤਾਂ ਤੂੰ ਨਾਲੇ ਸਵੇਂ ਜਾਂ ਤੁਰਾ ਤਾਂ ਮਾਹੀ।* (ਕਾਫੀ ਨੰ. 61)

ਬੁੱਲ੍ਹਾ ਆਪਣੇ ਇਸ਼ਟ ਦੀ ਪ੍ਰਾਪਤੀ ਦਾ ਪ੍ਰਗਟਾਵਾ ਇਉਂ ਵੀ ਕਰਦਾ ਹੈ:

*ਆਓ ਸਹੀਓ ਰਲ ਦਿਉ ਵਧਾਈ।*
*ਮੈਂ ਵਰ ਪਾਇਆ ਰਾਂਝਾ ਮਾਹੀ।* (ਕਾਫੀ ਨੰ. 71)

ਰੱਬੀ ਇਸ਼ਕ ਦੀ ਤੀਬਰ ਤਮੰਨਾ ਨੂੰ ਆਪਣੇ ਅੰਦਰ ਲੱਗੀ ਦੀਦਾਰੀ ਅੱਗ ਨਾਲ ਤੁਲਨਾ ਦਿੰਦਾ ਹੈ

*ਲਾਗੀ ਲਾਗੀ ਵੇ ਬਲਿ ਬਲਿ ਜਾਵੇ,ਇਸ ਲਾਗੀ ਕੋ ਕਉਣ ਬੁਝਾਵੇ।*
*ਅਲਫ਼ ਅੱਲਾ ਜਿਸ ਦਿਲ ਪਰ ਹੋਵੇ, ਮੂੰਹ ਜਰਦੀ ਅੱਖੀਂ ਲਹੂ ਭਰ ਰੋਵੇ*
*ਜੀਵਨ ਆਪਣੇ ਥੀਂ ਹਥ ਧੋਵੋ,ਜਿਸ ਨੂੰ ਬਿਰਹੋਂ ਅੱਗ ਲਾਵੇ।* (ਕਾਫੀ ਨੰ. 72)

ਇਸ਼ਕ ਨੇ ਉਸ ਨੂੰ ਜਿਉਂ ਜਿਉਂ ਹੁਲਾਰੇ ਦਿੱਤੇ ਉਸ ਨੇ ਤਿਵੇਂ ਤਿਵੇਂ ਆਪਣੀਆਂ ਕਾਫ਼ੀਆਂ ਵਿਚ ਇਸ ਦਾ ਪ੍ਰਗਟਾਵਾ ਕੀਤਾ :

*ਮੈਨੂੰ ਇਸ਼ਕ ਹੁਲਾਰੇ ਦੇਂਦਾ। ਮੂੰਹ ਜੁੜਿਆ ਯਾਰ ਬੁਲੇਂਦਾ।*
*ਕੀ ਪੁੱਛਦਾ ਜਾਤ ਸਿਫਾਤ ਮੇਰੀ। ਉਹ ਆਦਮ ਵਾਲੀ ਜਾਤ ਮੇਰੀ।*
*ਨਹਨ ਆਕਰਬ ਵਿਚ ਘੱਤ ਮੇਰੀ, ਵਿਚ ਰੱਬ ਦੇ ਮਿਹਰ ਝੁਲੇਂਦਾ।*
*ਮੈਨੂੰ ਇਸ਼ਕ ਹੁਲਾਰੇ ਦੇਂਦਾ।* (ਕਾਫੀ ਨੰ. 82)

ਆਪਣੀ ਇਸ ਨਿੱਜੀ ਅਨੁਭੂਤੀਗਤ ਪ੍ਰਾਪਤੀ ਦੇ ਬੇਬਾਕ ਪ੍ਰਗਟਾਵੇ ਨਾਲ ਬੁੱਲ੍ਹਾ ਆਪਣੇ ਜਹਾਨ ਦੀਦਾ ਆਲਮ ਆਰਿਫ ਮੁਰਸ਼ਦ ਸ਼ਾਹ ਇਨਾਇਤ ਨੂੰ ਨਾਰਾਜ਼ ਕਰ ਲੈਂਦਾ ਹੈ ਅਤੇ ਫੇਰ ਉਹ ਉਸ ਨੂੰ ਮਨਾਉਣ ਰੀਝਾਉਣ ਲਈ ਜਿਹੜੀਆਂ ਤ੍ਰੀਮਤੀ ਵੇਸ ਵਿਚ ਨੱਚ ਗਾ ਕੇ ਲਿਲੜੀਆਂ ਕੱਢਦਾ ਅਤੇ ਅਰਜ਼ੋਈਆਂ ਕਰਦਾ ਹੈ, ਉਹ ਪੰਜਾਬੀ ਕਾਵਿ ਜਗਤ ਦਾ ਇਕ ਸਰਵ ਗਿਆਤ ਇਤਿਹਾਸ ਹਨ। ਮੁਰਸ਼ਦ ਨਾਲ ਉਸ ਦੇ ਇਕ ਤਰਫ਼ੇ ਸੰਵਾਦ ਉਸ ਦੀ ਉਸ ਪ੍ਰਤੀ ਨਿੱਜੀ ਮੁਹੱਬਤ ਦਾ ਹੀ ਪ੍ਰਕਾਸ਼ ਹਨ ਜਿਨ੍ਹਾਂ ਵਿਚ ਉਸ ਦੀ ਮੂੰਹ ਜ਼ੋਰ ਬਹਿਬਲਤਾ ਪ੍ਰਗਟ ਹੁੰਦੀ ਹੈ ਅਤੇ ਉਸ ਦਾ ਸਮੁੱਚਤਵ ਹਲੂਣਿਆ ਗਿਆ ਦਿਸਦਾ ਹੈ। ਇਸ਼ਕ 'ਚ ਉਸ ਨੇ ਆਪਣੀ ਡੂੰਘੀ ਮਸਤੀ ਦਾ ਅਨੇਕਾਂ ਥਾਂਈ ਪ੍ਰਗਟਾਵਾ ਕੀਤਾ ਹੈ:

*ਅਬ ਹਮ ਗੁੰਮ ਹੂਏ ਗੁੰਮ ਹੂਏ,ਪ੍ਰੇਮ ਨਗਰ ਕੇ ਸ਼ਹਿਰ।*

ਬੁੱਲ੍ਹੇ ਦੀ ਰਚਨਾ ਵਿਚਲਾ ਸਰੋਦੀ ਤੱਤ ਅਰਜੋਈਆਂ ਦੇ ਰੂਪ 'ਚ ਵਧੇਰੇ ਉਘੜਿਆ ਹੈ:

*ਕਦ ਮਿਲਸੀ ਬਿਰਹੁੰ ਸਤਾਈ ਨੂੰ,ਆਪ ਨ ਆਵੇ ਨ ਲਿਖ ਭੇਜੇ*
*ਭੱਠ ਅਜਿਹੀ ਲਾਈ ਨੂੰ, ਤੈਂ ਜਿਹਾ ਕੋਈ ਹੋਰ ਨਾ ਜਾਣਾ,*
*ਮੈਂ ਤਨਿ ਸੂਲ ਸਵਾਈ ਨੂੰ,ਰਾਤੀ ਦਿਨੇ ਆਰਾਮ ਨ ਮੈਨੂੰ।*
*ਖਾਵੇ ਬਿਰਹੁ ਕਸਾਈ ਨੂੰ,ਬੁੱਲ੍ਹਾ ਸ਼ਾਹ ਧ੍ਰਿਗ ਜੀਵਣ ਮੇਰਾ,*
*ਜਉ ਲਗ ਨ ਦਰਸ ਦਿਖਾਈ ਨੂੰ।* (ਕਾਫ਼ੀ ਨੰ. 34)

ਨਿੱਜੀਪਣ ਸਰੋਦੀ ਕਾਵਿ ਦਾ ਪਰਮ ਤੱਤ ਹੈ ਕਿਉਂਕਿ ਅਜਿਹਾ ਕਾਵਿ ਸਵੈ-ਕੇਂਦਰਿਤ ਹੁੰਦਾ ਹੈ ਅਤੇ ਨਿੱਜ ਅਨੁਭੂਤੀ ਦੀ ਤੀਬਰਤਾ ਵਿਚੋਂ ਉਗਮਦਾ ਹੈ। ਅਸੀਂ ਵੇਖਿਆ ਹੈ ਕਿ ਬੁੱਲ੍ਹੇ ਦੀ ਮੁਰਸ਼ਦ ਭਗਤੀ ਉਸਦਾ ਵਿਰਦ ਸੀ ਇਸੇ ਲਈ ਉਸ ਦਾ ਸਾਰਾ ਕਾਵਿ ਉਸ ਦੀ ਬ੍ਰਹਮ ਅਨੁਭੂਤਿਕ ਨਿੱਜ ਸਾਧਨਾ ਦਾ ਪ੍ਰਕਾਸ਼ ਹੈ ਉਸ ਦੀ ਅਧਿਕਤਰ ਰਚਨਾ ਦੇ ਸਰੋਦੀ ਹੋਣ ਦਾ ਕਾਰਨ ਉਸ ਦਾ ਡੂੰਘਾ ਭਾਵ ਆਵੇਸ਼ੀ ਅਨੁਭਵ, ਜਿਸ ਨੂੰ ਉਸ ਨੇ ਲੋਕ ਮੁਹਾਵਰੇ ਵਿਚ ਬਿਆਨ ਕੀਤਾ ਹੈ ਉਸ ਦੀ ਨਿੱਜਤਾ ਉੱਚੇ ਸੁੱਚੇ ਇਸ਼ਕ ਦੀ ਲਖਾਇਕ ਹੈ ਅਤੇ ਉਸਨੂੰ ਇਕ ਬੇਜੋੜ ਸਰੋਦੀ ਸੂਫ਼ੀ ਸਾਧਕ ਸਿੱਧ ਕਰਦੀ ਹੈ। ਬੁੱਲ੍ਹਾ ਸੰਸਾਰਕ ਮਸਲਿਆਂ 'ਚ ਖੱਚਤ ਨਹੀਂ ਹੈ, ਸਗੋਂ ਉਸ ਦਾ ਸਾਰਾ ਧਿਆਨ ਆਪਣੇ ਸਵੈ 'ਚ ਮਹਾਨ ਬ੍ਰਹਮ-ਆਨੰਦ ਵਿਚ ਨਿਰਲੇਪ ਰੂਪ 'ਚ ਬੀਤਿਆ ਹੈ। ਉਸ ਦੀ ਇਹ ਤੀਬਰ ਨਿੱਜਤਾ ਜਿਥੇ ਉਸ ਦੀ ਕਵਿਤਾ ਦਾ ਪ੍ਰਗੀਤਕ ਗੁਣ ਬਣ ਆਇਆ ਹੈ, ਉਥੇ ਉਸ ਦੀ ਰਚਨਾ ਬਾਣੀ ਵਰਗਾ ਸਮਾਜਿਕ ਰੋਲ ਨਿਭਾਉਣ ਦੇ ਅਸਮਰਥ ਰਹੀ ਹੈ। ਇਹ ਉਸ ਦੇ ਕਾਵਿ ਦੇ ਇਕਹਿਰੇਪਣ ਦਾ ਵੀ ਪ੍ਰਮਾਣ ਹੈ।

## ਸਵੈ-ਸੰਬੋਧਨ :

ਪ੍ਰਗੀਤ ਦੀ ਸੰਰਚਨਾ ਵਿਚ ਵਕਤਾ ਸਰੋਤਾ ਦੋ ਧਿਰਾਂ ਹਮੇਸ਼ਾ ਹੁੰਦੀਆਂ ਹਨ। ਵਕਤਾ ਭਾਵੇਂ ਸਰੋਤੇ ਨੂੰ ਸੰਬੋਧਿਤ ਨਹੀਂ ਹੁੰਦਾ ਤਾਂ ਵੀ ਇਹ ਪ੍ਰਤੀਤ ਹੁੰਦਾ ਹੈ ਕਿ ਵਕਤਾ-ਧਿਰ ਨੇ ਸਰੋਤਾ-ਧਿਰ ਨਾਲ ਭਾਵ ਪ੍ਰਕਾਸ਼ਕ ਦੀ ਪ੍ਰਕ੍ਰਿਆ ਰਾਹੀਂ ਇੰਨੀ ਡੂੰਘਾਈ, ਮਾਰਮਿਕਤਾ ਅਤੇ ਚਿੱਤ-ਦ੍ਰਵਤਾ ਦਾ ਸੰਚਾਰ ਕੀਤਾ ਹੈ। ਪ੍ਰਗੀਤ ਵਿਚ ਪ੍ਰਗੀਤਕਾਰ ਅਕਸਰ ਆਪਣੇ ਆਪ ਨੂੰ ਸੰਬੋਧਿਤ ਹੁੰਦਾ ਹੈ। ਆਪਣੇ ਆਪ ਜਾਂ ਆਪਣੇ ਅੰਦਰ ਵਸਦੇ ਮਹਿਬੂਬ ਨਾਲ ਉਹ ਬੇਖ਼ੁਦੀ ਦੀ ਹਾਲਤ ਵਿਚ ਸੰਵਾਦ ਰਚਾਉਂਦਾ ਹੈ, ਕਿਸੇ ਨੂੰ ਸੁਣਾਉਣਾ ਉਸ ਦਾ ਉਦੇਸ਼ ਨਹੀਂ ਪਰ ਉਸ ਦੀ ਇਹ ਸਵੈ-ਸੰਬੋਧਨੀ ਅਵਸਥਾ ਵਿਆਪਕ ਮਾਨਵੀ ਵਰਤਾਰਾ ਹੈ। ਸੰਵੇਦਨਸ਼ੀਲ ਮਨੁੱਖ ਹਮੇਸ਼ਾ ਚੁੱਪ-ਚਾਪ ਦਿਸਦੇ ਹੋਏ ਆਪਣੇ ਮਹਿਬੂਬ ਨਾਲ ਸੰਵਾਦ ਰਚਾਈ ਰਖਦੇ ਹਨ। ਬੁੱਲ੍ਹੇ ਦੁਆਰਾ ਰਚਿਤ 'ਚ ਇਸ ਪ੍ਰਗੀਤਕ ਤੱਤ ਦਾ ਪ੍ਰਗਟਾਵਾ ਆਪਣੇ ਆਪ ਨੂੰ ਸੰਬੋਧਿਤ ਕਰਕੇ ਕੀਤਾ ਹੋਇਆ ਮਿਲਦਾ ਹੈ। ਅਜਿਹੇ ਪ੍ਰਗੀਤਕ ਤੱਥ ਦੀ ਗਵਾਹੀ ਪ੍ਰਸਿੱਧ ਅੰਗਰੇਜ਼ੀ ਕਵੀ ਤੇ ਆਲੋਚਕ ਟੀ.ਐਸ. ਈਲੀਅਟ ਨੇ ਇਉਂ ਦਿੱਤੀ ਹੈ, 'ਪ੍ਰਗੀਤ ਕਵੀ ਦਾ ਅਜਿਹਾ ਉਚਾਰ ਹੈ ਜਿਸ ਵਿਚ ਕਵੀ ਆਪਣੇ ਆਪ ਨੂੰ ਸੰਬੋਧਿਤ ਹੁੰਦਾ ਹੈ ਹੋਰ ਕਿਸੇ ਨੂੰ ਨਹੀਂ। ਇਹ ਇਕ ਆਂਤਰਿਕ ਮਨਨ ਹੈ ਜਾਂ ਇਹ ਹਵਾ 'ਚੋ ਉਭਰੀ ਹੋਈ ਸੁਰ ਹੈ ਜੋ ਕਿਸੇ ਸੰਭਾਵਿਤ ਵਕਤੇ ਜਾਂ ਸਰੋਤੇ ਦੀ ਹੋਂਦ ਬਾਰੇ ਚੇਤੰਨ ਨਹੀਂ ਹੁੰਦਾ।'[22]

ਬੁੱਲ੍ਹੇ ਦਾ ਸਵੈ-ਸੰਬੋਧਨੀ ਵਤੀਰਾ ਸਭ ਤੋਂ ਵੱਧ ਉਸ ਦੇ ਦੋਹੜਿਆਂ ਵਿਚ ਨਿਰੂਪਤ ਹੋਇਆ ਹੈ। ਇੱਥੇ ਉਹ ਆਪਣੇ ਵਿਚਾਰਾਂ ਨੂੰ ਆਪਣੇ ਆਪ ਨੂੰ ਸੰਬੋਧਨ ਕਰਕੇ ਲਘੂ ਆਕਾਰੀ ਦੋਹੜਿਆਂ ਵਿਚ ਅਟੱਲ ਸੱਚਾਈਆਂ ਵਰਗੀ ਸੂਤਰ-ਸ਼ੈਲੀ ਵਿਚ ਬਿਆਨ ਕਰਦਾ ਹੈ। ਅਜਿਹੀਆਂ ਕੁਝ ਉਦਾਹਰਣਾਂ ਇਸ ਪ੍ਰਕਾਰ ਹਨ:

1. *ਬੁੱਲ੍ਹਿਆ ਆਸ਼ਕ ਹੋਏ ਰੱਬ ਦਾ, ਮੁਲਾਮਤ ਹੋਈ ਲਾਖ।*
   *ਲੋਕ ਕਾਫ਼ਰ ਕਾਫ਼ਰ ਆਖਦੇ, ਤੂੰ ਆਹੋ ਆਹੋ ਆਖ।*
2. *ਬੁੱਲ੍ਹਾ ਚਲ ਸੁਨਿਆਰ ਦੇ, ਜਿਥੇ ਗਹਿਣੇ ਘੜੀਏ ਲਾਖ।*
   *ਸੂਰਤ ਆਪੋ ਆਪਣੀ, ਤੂੰ ਇਕੋ ਰੂਪਾ ਆਖ।*
3. *ਬੁੱਲ੍ਹਿਆ! ਆਉਂਦਾ ਸਾਜਨ ਦੇਖ ਲੈ, ਜਾਂਦਾ ਮੂਲ ਨ ਵੇਖ।*
   *ਬੁੱਲ੍ਹਿਆ! ਸਭ ਮਜਾਜ਼ੀ ਪੌੜੀਆਂ, ਤੂੰ ਹਾਲ ਹਕੀਕਤ ਵੇਖ।*

ਬੁੱਲ੍ਹਾ ਆਪਣੇ ਆਪ ਨੂੰ ਸਮਝੌਤੀਆਂ ਦੇ ਕੇ ਦੂਜਿਆਂ ਨੂੰ ਕੋਈ ਨਿਸ਼ਚਿਤ ਰਾਹ ਅਪਨਾਉਣ ਦਾ ਸੁਝਾਅ ਦਿੰਦਾ ਹੈ:

*ਇਕ ਅਲਫ਼ ਪੜ੍ਹੋ ਛੁਟਕਾਰਾ ਹੈ,ਬਣ ਹਾਫਿਜ਼ ਹਿਫ਼ਜ਼ ਕੁਰਾਨ ਕਰੇ*
*ਪੜ੍ਹ ਪੜ੍ਹ ਕੇ ਸਾਫ਼ ਜ਼ੁਬਾਨ ਕਰੇ,ਫਿਰ ਨਿਆਮਤ ਵਿਚ ਧਿਆਨ ਕਰੇ*
*ਮਨ ਫਿਰਦਾ ਜਿਉਂ ਹਲਕਾਰਾ ਹੈ।* (ਕਾਫੀ-2)

ਹੇਠਲੀਆਂ ਪੰਕਤੀਆਂ ਵਿਚ ਉਹ ਕਿਸੇ ਹੋਰ ਨੂੰ ਨਹੀਂ ਬਲਕਿ ਆਪਣੇ ਆਪ ਨੂੰ ਹਕੀਕਤ ਲੱਭਣ ਦੀ ਪ੍ਰੇਰਨਾ ਦਿੰਦਾ ਹੈ:

*ਕੀ ਕਰਦਾ ਕੀ ਕਰਦਾ ਵੇ,ਪੁੱਛੋ ਤਾਂ ਦਿਲਬਰ ਕੀ ਕਰਦਾ ਵੇ।*
*ਇਕਸੇ ਘਰਿ ਵਿਚ ਵਸਦਿਆਂ ਰਸਦਿਆਂ,ਨਹੀਂ ਬਣਦਾ ਵਿਚ ਪੜ੍ਹਦਾ ਵੇ।*
*ਵਹਿਦਤ ਦਾ ਦਰੀਆਉ ਸਤ੍ਰਾਣਾ,ਕੋਈ ਡੁਬਦਾ ਕੋਈ ਤਰਦਾ ਵੇ।*
*ਬੁੱਲ੍ਹੇ ਸ਼ਾਹ ਨੂੰ ਆਣ ਮਿਲਾਵੇ,ਮਹਿਰਮ ਜੇ ਇਸ ਘਰ ਦਾ ਵੇ।* (ਕਾਫੀ ਨੰ. 14)

ਬੁੱਲ੍ਹੇ ਸ਼ਾਹ ਅਦੈਵਤਵਾਦੀ ਅਥਵਾ ਵਹਿਦਤੀ ਮੁਸਲਮਾਨ ਸੀ ਇਸ ਤੱਥ ਨੂੰ ਉਹ ਆਪ ਗ੍ਰਹਿਣ ਕਰਦਾ ਹੋਇਆ ਹੋਰਨਾਂ ਨੂੰ ਅਪਨਾਉਣ ਦੀ ਅਪੀਲ ਕਰਦਾ ਹੈ :

1. *ਇਕੋ ਅਲਫ ਤੇਰੇ ਦਰਕਾਰ,ਇਲਮੋਂ ਬੱਸ ਕਰੀ ਓ ਯਾਰ।*
   *ਇਲਮ ਨ ਆਏ ਵਿਚ ਸ਼ਮਾਰ,ਜਾਂਦੀ ਉਮਰ ਨਹੀ ਇਤਬਾਰ,*
   *ਇਕੋ ਅਲਫ਼ ਤੇਰੇ ਦਰਕਾਰ।* (ਕਾਫੀ ਨੰ. 81)
2. *ਇਕ ਨੁਕਤੇ ਵਿਚ ਗੱਲ ਮੁੱਕਦੀ ਏ,ਫੜ ਨੁਕਤਾ ਛੋੜ ਹਿਸਾਬਾਂ ਨੂੰ*
   *ਕਰ ਦੂਰ ਕੁਫ਼ਰ ਦਿਆਂ ਖ਼੍ਵਾਬਾ ਨੂੰ, ਲਾਹ ਦੋਜ਼ਖ ਗੌਰ ਗਜ਼ਾਬਾਂ ਨੂੰ*
   *ਕਰ ਸਾਫ ਦਿਲੇ ਦਿਆਂ ਖ਼੍ਵਾਬਾਂ ਨੂੰ, ਗੱਲ ਐਸੀ ਘਰ ਵਿਚ ਢੁੱਕਦੀ ਏ।* (ਕਾਫੀ ਨੰ. 80)

ਸਵੈ ਸੰਬੋਧਨ ਇਕ ਪ੍ਰਮਾਣਿਕ ਸਾਹਿਤਕ ਸ਼ੈਲੀ ਹੈ ਜਿਸ ਰਾਹੀਂ ਲੇਖਕ ਕੌੜੀ, ਫਿੱਕੀ ਜਾਂ ਹਦਾਇਤੀ ਗੱਲ ਆਪਣੇ ਉਤੇ ਢੁਕਾ ਕੇ ਦੂਜਿਆਂ ਨੂੰ ਅਪਨਾਉਣ ਦਾ ਸੁਝਾਉ ਦਿੰਦਾ ਹੈ, ਕਿਉਂਕਿ ਅਜਿਹੀ ਸ਼ਬਦ ਸਮੱਗਰੀ ਵਿਚ ਨਿੱਜਤਾ ਦੇ ਨਾਲ-ਨਾਲ ਸਮੂਹਿਕਤਾ ਦਾ ਵੀ ਅੰਸ਼ ਵਿਆਪਕ ਰੂਪ ਵਿਚ ਹੁੰਦਾ ਹੈ ਇਸੇ ਸਵੈ ਸੰਬੋਧਨੀ ਵਿਧੀ ਕਾਰਨ ਹੀ ਬੁੱਲ੍ਹੇ ਦੀਆਂ ਕਾਫ਼ੀਆਂ ਤੇ ਦੋਹੜੇ ਮਨ ਬਚਨੀਆਂ ਬਣ ਗਈਆਂ ਹਨ, ਜਿਨ੍ਹਾਂ ਨੂੰ ਸਰੋਤੇ ਤੇ ਪਾਠਕ ਆਪਣੇ ਹੀ ਦਿਲ ਦੀਆਂ ਗੱਲਾਂ ਪ੍ਰਵਾਨ ਕਰਦੇ ਹਨ। ਇਹ ਸਵੈ ਸੰਬੋਧਨੀ ਤੱਥ ਬੁੱਲ੍ਹੇ ਦੀਆਂ ਕਾਫ਼ੀਆਂ ਤੇ ਦੋਹੜਿਆਂ ਦੀ ਲੋਕ ਪ੍ਰਿਯਤਾ ਦਾ ਕਾਰਨ ਬਣਿਆ।

## ਸੰਗੀਤਾਤਮਕਤਾ :

ਸੰਗੀਤ ਅਸਲ 'ਚ ਲਘੂ-ਆਕਾਰੀ ਪਰ ਗੰਭੀਰ ਪ੍ਰਗੀਤਕ ਰਚਨਾ ਦਾ ਲਾਜ਼ਮੀ ਤੱਤ ਹੈ। ਉੱਤਮ ਕਵਿਤਾ ਸੰਗੀਤਮਈ ਹੁੰਦੀ ਹੈ। ਸਰੋਦੀ ਕਵਿਤਾ ਵਿਚ ਗੀਤਕ ਤੱਤ ਸ਼ਬਦਾਂ ਨਾਲ ਵੀ ਪੈਦਾ ਹੁੰਦਾ ਹੈ ਅਤੇ ਲੈਅ, ਸੁਰ, ਤਾਲ ਆਦਿ ਨਾਲ ਵੀ। ਗੀਤ ਦੇ ਨਿਭਾਅ ਵਿਚ ਪ੍ਰਵਾਹ ਦਾ ਹੋਣਾ ਲਾਜ਼ਮੀ ਹੈ। ਸੰਗੀਤ ਦਾ ਭਾਵਾਂ ਅਥਵਾ ਦਿਲ ਦੀ ਧੜਕਨ ਨਾਲ ਡੂੰਘਾ ਸਬੰਧ ਹੈ। ਸੰਗੀਤ ਦਿਲਾਂ ਨੂੰ ਟੁੰਬਦਾ ਹੈ, ਬੁੱਧੀ ਨੂੰ ਨਹੀਂ। ਬੁੱਲ੍ਹੇ ਦੀ ਕਵਿਤਾ ਬੌਧਿਕ ਭਾਰ ਨਾਲੋਂ ਸੰਗੀਤਕ ਪ੍ਰਵਾਹ ਦੀ ਵਧੇਰੇ ਧਾਰਨੀ ਹੈ, ਕਿਉਂਕਿ ਉਸ ਦੀ ਬਹੁਤੀ ਰਚਨਾ ਕਾਫ਼ੀ

ਦੇ ਰੂਪ ਵਿਚ ਮਿਲਦੀ ਹੈ ਅਤੇ ਕਾਫ਼ੀ ਬਾਰੇ ਕਾਹਨ ਸਿੰਘ ਨਾਭਾ ਦਾ ਕਥਨ ਹੈ,'ਸੂਫ਼ੀ ਫ਼ਕੀਰ ਜੋ ਪ੍ਰੇਮ ਰਸ ਭਰੇ ਪਦ ਗਾਇਆ ਕਰਦੇ ਸਨ ਅਤੇ ਜਿਨ੍ਹਾਂ ਪਿੱਛੇ ਸਾਰੀ ਮੰਡਲੀ ਮੁਖੀਏ ਦੇ ਕਹੇ ਪਦ ਨੂੰ ਦੁਹਰਾਉਂਦੀ ਹੈ ਉਹ ਕਾਫ਼ੀ ਨਾਮ ਤੋਂ ਪ੍ਰਸਿੱਧ ਹੈ।'[23] ਡਾ. ਸਤਿੰਦਰ ਸਿੰਘ ਵੀ ਕਾਫ਼ੀ ਨੂੰ ਇਕ ਗਾਣ ਸ਼ੈਲੀ ਕਹਿੰਦਾ ਹੈ।'[24]

ਸਪੱਸ਼ਟ ਹੈ ਕਿ ਕਾਫ਼ੀ ਪੰਜਾਬੀ ਦਾ ਇਕ ਸਰੋਦੀ ਕਾਵਿ-ਭੇਦ ਹੈ ਜਿਸ ਵਿਚ ਫ਼ਕੀਰ ਸਾਈਂ ਲੋਕਾਂ ਤੇ ਸੂਫ਼ੀ ਸਾਧਕਾਂ ਨੇ ਆਪਣੇ ਰੱਬੀ ਪਿਆਰ ਦੇ ਵਲਵਲਿਆਂ ਦੀ ਅਭਿਵਿਅਕਤੀ ਕੀਤੀ ਹੈ। ਵਲਵਲਾ ਜਾਂ ਭਾਵੁਕਤਾ ਪ੍ਰਧਾਨ ਹੋਣ ਕਰਕੇ ਇਹਨਾਂ ਵਿਚੋਂ ਸੁੱਤੇ ਸਿਧ ਸੰਗੀਤ ਪੈਦਾ ਹੁੰਦਾ ਹੈ। ਕਾਫ਼ੀ ਦੀ ਇਸ ਸੰਗੀਤਮਈ ਪ੍ਰੰਪਰਾ ਕਾਰਨ ਬੁੱਲ੍ਹੇ ਦੀਆਂ ਕਾਫ਼ੀਆਂ ਦੀ ਸਿਰਜਣਾ ਸੰਗੀਤ ਅਨੁਸਾਰ ਗਾਉਣ ਹਿੱਤ ਹੋਈ ਹੈ। ਲਗਭਗ ਹਰੇਕ ਕਾਫ਼ੀ ਦੀ ਇਕ ਦੁਹਰਾਉ ਪੰਕਤੀ ਕਾਫ਼ੀ ਦੇ ਮੁੱਢ ਵਿਚ 'ਅੰਤਰੇ' ਦੇ ਰੂਪ ਵਿਚ ਆਉਂਦੀ ਹੈ ਜਿਸ ਨੂੰ ਮੁੱਖ ਕੱਵਾਲ ਦੇ ਕਾਫ਼ੀ ਵਿਚਲਾ ਬੰਦ ਗਾਉਣ ਉਪਰੰਤ ਸਾਥੀ ਕੱਵਾਲ ਤਾੜੀ ਦੀ ਸੰਗਤ ਨਾਲ ਬਾਰ-ਬਾਰ ਮਿਲ ਕੇ ਗਾਉਂਦੇ ਤੇ ਦੁਹਰਾਉਂਦੇ ਹਨ, ਇਹ ਦੁਹਰਾਉ ਤੇ ਬਾਰੰਬਾਰਤਾ ਸੰਗੀਤਕ ਰਸ ਪੈਦਾ ਕਰਦੀ ਹੈ, ਜਿਸ ਨੂੰ ਸੁਣ ਕੇ ਜਗਿਆਸੂ ਸਰੋਤੇ ਵਜਦ ਵਿਚ ਆ ਜਾਂਦੇ ਹਨ। ਬੁੱਲ੍ਹੇ ਨੇ ਆਪਣੀਆਂ ਕਾਫ਼ੀਆਂ ਦੀਆਂ ਪ੍ਰਥਮ ਪੰਕਤੀਆਂ ਨੂੰ ਅੰਤਰਿਆਂ ਦੇ ਰੂਪ ਵਿਚ ਸਿਰਜਿਆ ਹੈ, ਜਿਨ੍ਹਾਂ ਦਾ ਹਰ ਬੰਦ ਮਗਰੋਂ ਕੀਤਾ ਦੁਹਰਾਉ ਇਨ੍ਹਾਂ ਕਾਫ਼ੀਆਂ ਵਿਚ ਸੰਗੀਤਕਤਾ ਭਰ ਦਿੰਦਾ ਹੈ। ਬੁੱਲ੍ਹੇ ਨੇ ਜਿਥੇ ਅੰਤਰਿਆਂ ਰਾਹੀਂ ਸੰਗੀਤਕ ਤੱਤ ਪੈਦਾ ਕੀਤਾ ਹੈ ਉਥੇ ਸ਼ਬਦਾਂ ਦੇ ਦੁਹਰਾਉ ਨਾਲ ਵੀ ਅਨੁਪ੍ਰਾਸ ਪੈਦਾ ਹੋਇਆ ਹੈ। ਉਸ ਦੁਆਰਾ ਰਚਿਤ ਕਾਫ਼ੀ 'ਪਾਇਆ ਹੈ ਕਿਛੁ ਪਾਇਆ ਹੈ ਮੇਰੇ ਸਤਿਗੁਰੂ ਅਲਖ ਲਖਾਇਆ ਹੈ' ਵਿਚ ਗਿਆਰਾਂ ਪੰਕਤੀਆਂ 'ਕਹੂੰ' ਸ਼ਬਦ ਨਾਲ ਸ਼ੁਰੂ ਕਰਕੇ ਉਸ ਵਿਚ ਸੰਗੀਤਕ ਲੈਅ ਪੈਦਾ ਕੀਤੀ ਹੈ। ਇਹੀ ਸ਼ਬਦ ਅਨੁਪ੍ਰਾਸ ਉਸ ਦੀ ਪ੍ਰਸਿੱਧ ਕਾਫ਼ੀ 'ਮਾਟੀ ਕੁਦਮ ਕਰੇਂਦੀ ਯਾਰ' ਵਿਚ ਆਇਆ ਹੈ। ਜਿਸ ਵਿਚ ਉਸ ਨੇ 'ਮਾਟੀ' ਸ਼ਬਦ ਨੂੰ ਵੱਖ-ਵੱਖ ਸੰਕੇਤਕ ਅਰਥਾਂ ਵਿਚ ਅਠਾਈ ਵਾਰ ਵਰਤਿਆ ਹੈ।

ਬੁੱਲ੍ਹੇ ਦੀਆਂ ਉਨ੍ਹਾਂ ਕਾਫ਼ੀਆਂ ਵਿਚ ਸੰਗੀਤਕ ਤੱਤ ਵਧੇਰੇ ਭਰ ਗਿਆ ਹੈ, ਜਿਨ੍ਹਾਂ ਵਿਚ ਉਸ ਨੇ ਰਾਧਾ ਕ੍ਰਿਸ਼ਨ ਦੇ ਸੰਦਰਭ ਅਨੁਸਾਰ ਬੋਲੀ ਨੂੰ ਬ੍ਰਜ ਭਾਸ਼ਾ ਦੀ ਪੁੱਠ ਚਾੜ੍ਹੀ ਹੈ। ਜਿਨ੍ਹਾਂ ਕਾਫ਼ੀਆਂ ਵਿਚ ਉਹ ਮਸਤੀ ਦੇ ਬਹੁਤ ਡੂੰਘੇ ਸਾਗਰਾਂ ਵਿਚੋਂ ਗਾਉਂਦਾ ਪ੍ਰਤੀਤ ਹੁੰਦਾ ਹੈ। ਉਸ ਦੀ ਇਹ ਅਲਮਸਤੀ ਜਾਦੂ-ਪਰੁਚੀ ਹੈ ਅਤੇ ਉਸ ਦੇ ਸ਼ਬਦਾਂ ਵਿਚੋਂ ਸੰਗੀਤਕ ਰਸ ਝੜਦਾ ਪ੍ਰਤੀਤ ਹੁੰਦਾ ਹੈ ਜਿਵੇਂ :

1. *ਮੁਰਲੀ ਬਾਜ ਉਠੀ ਬਨ ਘਾਟਾਂ*
   *ਸੁਣ ਧੁਨ ਭੁੱਲ ਗਈਆਂ ਸੁਧ ਸਾਤਾਂ।*
2. *ਲਾਗੀ ਰੇ ਲਾਗੀ ਬਲ ਬਲ ਜਾਵੇ।*
   *ਇਸ ਲਾਗੀ ਕੋ ਕਉਣ ਬੁਝਾਵੇ।*

ਡਾ. ਜੀਤ ਸਿੰਘ ਸੀਤਲ ਨੇ ਬੁੱਲ੍ਹੇ ਸ਼ਾਹ ਦੀਆਂ ਕੁਝ ਕਾਫੀਆਂ ਦੇ ਰਾਗਾਂ ਅਨੁਸਾਰੀ ਹੋਣ ਦਾ ਨਿਰਣਾ ਕੀਤਾ ਹੈ ਜੋ ਇਨ੍ਹਾਂ ਕਾਫ਼ੀਆਂ ਵਿਚਲੀ ਸੰਗੀਤਕਤਾ ਨੂੰ ਪ੍ਰਮਾਣਤ ਕਰਦਾ ਹੈ।

1. *ਉਲਟੇ ਹੋਰ ਜਮਾਨੇ ਆਏ*
   *ਹੁਣ ਅਸਾਂ ਭੇਤ ਸਜਨ ਦੇ ਪਾਏ।*
2. *ਇਕੋ ਰੰਗ ਕਪਾਹੀ ਦਾ,*
   *ਸਭ ਇਕੋ ਰੰਗ ਕਪਾਹੀ ਦਾ।*

ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਕਵਾਲਾਂ 'ਚ ਬੇਹੱਦ ਮਕਬੂਲ ਹੋਈਆਂ ਹਨ ਜਿਨ੍ਹਾਂ ਨੂੰ ਮੁਸਲਮਾਨ ਜਗਿਆਸੂ ਇਲਾਹੀ ਕਵਿਤਾ ਦੇ ਰੂਪ ਵਿਚ ਮਾਣਦੇ ਹਨ। ਕੁਰਾਨੀ ਸ਼ਰਾ ਦੇ ਉਲਟ ਸੂਫ਼ੀਆਂ ਨੇ ਰਾਗ ਨੂੰ ਅਪਣਾਇਆ ਹੈ ਜਿਸ ਨੂੰ 'ਸਮਾਅ' ਕਿਹਾ ਜਾਂਦਾ ਹੈ। ਉਨ੍ਹਾਂ ਦੀ ਰਚਨਾ ਰਾਗ ਅਨੁਸਾਰੀ ਸੰਗੀਤ ਨਾਲ ਲਬਰੇਜ਼ ਗਵੈਸ਼ੀ-ਕਾਵਿ ਹੈ। ਬੁੱਲ੍ਹੇ ਦੀਆਂ ਬਹੁਤੀਆਂ ਕਾਫ਼ੀਆਂ ਆਪਣੀ ਸੰਰਚਨਾ ਪੱਖੋਂ ਵੀ ਸੰਗੀਤ ਨਾਲ ਭਰਪੂਰ ਹਨ ਅਤੇ ਉਨ੍ਹਾਂ ਦੇ ਨਿਰਮਾਣ ਵਿਚ ਰਾਗ ਵੱਡੀ ਪ੍ਰੇਰਕ ਸ਼ਕਤੀ ਹਨ।

**ਭਾਵ-ਆਵੇਸ਼ :**

ਸਰੋਦੀ ਕਾਵਿ ਜਜ਼ਬਾਤੀ ਕਵਿਤਾ ਹੈ ਜਿਸ ਦਾ ਨਿਰਮਾਣ ਕਵੀ ਦੇ ਜਜ਼ਬਿਆਂ ਦੀ ਤੀਬਰਤਾ ਨਾਲ ਹੁੰਦਾ ਹੈ। ਜਿੰਨਾ ਜਜ਼ਬਾ ਤੀਬਰ ਹੋਵੇਗਾ ਉਤਨੀ ਹੀ ਰਚਨਾ ਪ੍ਰਭਾਵਸ਼ਾਲੀ, ਤਰਲ, ਭਾਵ-ਭਿੱਜੀ ਅਤੇ

ਪ੍ਰਵਾਹਮਈ ਹੋਵੇਗੀ। ਬੁੱਲ੍ਹੇ ਸ਼ਾਹ ਇਕ ਸੰਵੇਦਨਸ਼ੀਲ ਕਵੀ ਸੀ ਜਿਸ ਦੀ ਸੰਵੇਦਨਾ ਮੁਰਸ਼ਦ ਅਤੇ ਪ੍ਰਭੂ ਵੱਲ ਰੁਚਿਤ ਸੀ ਉਹ ਜਜ਼ਬੇ ਦੇ ਵੇਗ ਨਾਲ ਲਿਖਦਾ ਅਤੇ ਜਜ਼ਬੇ ਦੀ ਥੋੜ੍ਹ-ਚਿਰੀ ਤੀਬਰਤਾ ਕਾਰਨ ਉਸ ਦੀਆਂ ਰਚਨਾਵਾਂ ਲਘੂ-ਆਕਾਰੀ ਬਣ ਗਈਆਂ ਹਨ। ਪ੍ਰਸਥਿਤੀਆਂ ਤੋਂ ਅਵੇਸ਼ਤ ਹੋਏ ਬੁੱਲ੍ਹੇ ਨੇ ਬੜੀਆਂ ਤੀਬਰ ਰਚਨਾਵਾਂ ਰਚੀਆਂ ਹਨ। ਅਜਿਹੀ ਤੀਬਰਤਾ ਦੀਆਂ ਕੁਝ ਉਦਾਹਰਣਾਂ ਉਸ ਦੀ ਰਚਨਾ ਵਿਚ ਇਸ ਪ੍ਰਕਾਰ ਹਨ:

1. *ਰਾਂਝਾ ਰਾਂਝਾ ਕਰਦੀ ਨੀ ਮੈਂ*
   *ਆਪੇ ਰਾਂਝਾ ਹੋਈ।* (ਕਾਫੀ-7)
2. *ਬਸ ਕਰ ਜੀ! ਹੁਣ ਬਸ ਕਰ ਜੀ*
   *ਕਾਈ ਬਾਤ ਅਸਾਂ ਨਾਲ ਹੱਸ ਕਰ ਜੀ।* (ਕਾਫੀ-8)
3. *ਬਹੁੜੀ ਬਹੁੜੀ ਵੇ ਤਬੀਬਾ! ਮੈਂਡੀ ਜਿੰਦ ਗਈਆ।*
   *ਤੇਰੇ ਇਸ਼ਕ ਨਚਾਇਆ ਕਰਿ ਥਈਆ ਥਈਆ।* (ਕਾਫੀ-9)
4. *ਮੈਂ ਬੇ-ਕੈਦ ਮੈਂ ਬੇ-ਕੈਦ*
   *ਨਾ ਰੋਗੀ ਨਾ ਵੈਦ।* (ਕਾਫੀ-2)
5. *ਅਬ ਲਗਨ ਲਗੀ ਕਿਆ ਕਰੀਏ।*
   *ਨਾਹਿ ਜੀ ਸਕੀਏ ਨਾਹਿ ਮਰੀਏ।* (ਕਾਫੀ-18)
6. *ਵੇਖੋ ਨੀ ਕੀ ਕਰ ਗਿਆ ਮਾਹੀ*
   *ਲੈਂਦਾ ਹੀ ਦਿਲ ਹੋ ਗਿਆ ਰਾਹੀ।* (ਕਾਫੀ-20)
7. *ਇਸ਼ਕ ਅਸਾਂ ਨਾਲ ਕੇਹੀ ਕੀਤੀ,*
   *ਲੋਕ ਮਰੇਂਦੇ ਤਾਅਨੇ।* (ਕਾਫੀ 29)
8. *ਮੈਂ ਉਡੀਕਾਂ ਕਰ ਰਹੀ*
   *ਕਦੀ ਆ ਕਰ ਫੇਰਾ।* (ਕਾਫੀ-36)
9. *ਮਾਟੀ ਕੁਦਮ ਕਰੇਂਦੀ ਯਾਰ*
   *ਵਾਹ ਵਾਹ ਮਾਟੀ ਦੀ ਗੁਲਜ਼ਾਰ।* (ਕਾਫੀ-38)
10. *ਉਲਟੇ ਹੋਰ ਜਮਾਨੇ ਆਏ*
    *ਅਸਾਂ ਭੇਤ ਸੱਜਣ ਦੇ ਪਾਏ।* (ਕਾਫੀ-49)
11. *ਮੂੰਹ ਆਈ ਬਾਤ ਨਾ ਰਹਿੰਦੀ ਏ।*
    *ਝੂਠ ਆਖਾਂ ਤਾਂ ਕੁਝ ਬਚਦਾ ਏ*
    *ਸੱਚ ਆਖਾਂ ਤਾਂ ਭਾਂਬੜ ਮਚਦਾ ਏ*
    *ਦਿਲ ਦੁਹਾਂ ਗੱਲਾਂ ਤੋਂ ਜਚਦਾ ਏ*
    *ਜਚ ਜਚ ਕੇ ਜਿਹਬਾ ਕਹਿੰਦੀ ਏ।* (ਕਾਫ਼ੀ-59)
12. *ਲਾਗੀ ਰੇ ਲਾਗੀ ਬਲਿ ਬਲਿ ਜਾਵੇ।*
    *ਇਸ ਲਾਗੀ ਕੋ ਕਉਣ ਬੁਝਾਵੇ।*

ਉਪਰੋਕਤ ਸੰਕੇਤ ਕਾਫ਼ੀਆਂ ਬੁੱਲ੍ਹੇ ਦੀ ਭਾਵ-ਆਵੇਸ਼ਤ ਕਰਤਾਰੀ ਤੁਰੰਤਰਤਾ ਦੀਆਂ ਲਖਾਇਕ ਹਨ। ਉਹ ਜਜ਼ਬਾਤੀ ਤਰੰਗਾਂ ਦਾ ਸ਼ਾਇਰ ਹੈ, ਜਿਸ ਕੋਲ ਫੁਰਨਿਆਂ ਨੂੰ ਕਾਵਿ-ਬੱਧ ਕਰਨ ਦੀ ਪ੍ਰਬਲ ਸ਼ਕਤੀ ਹੈ। ਉਸ ਦੀ ਜਜ਼ਬਾਤੀ ਸਤਰਕਤਾ ਉਸ ਦੀਆਂ ਕਾਫ਼ੀਆਂ ਦੇ ਨਿਰਮਾਣ ਦੀ ਮੁੱਖ ਸ਼ਕਤੀ ਪ੍ਰਤੀਤ ਹੁੰਦੀ ਹੈ।

### ਭਾਵ ਏਕਤਾ :

ਪ੍ਰਗੀਤਕ ਰਚਨਾ ਇਕਹਿਰੇਪਣ ਦੀ ਧਾਰਨੀ ਹੁੰਦੀ ਹੈ। ਸ਼ਦੀਦ ਹੋਣ ਕਰਕੇ ਇਸ ਵਿਚ ਵਿਵਿਧਤਾ ਜਾਂ ਬਹੁਪੱਖਤਾ ਦੀ ਗੱਲ ਹੀ ਨਹੀਂ ਹੁੰਦੀ। ਪ੍ਰਗੀਤਕ ਰਚਨਾ ਵਿਚ ਇਕਹਿਰਾ ਤੀਖਣ ਭਾਵ ਹੀ ਦਰਸਾਇਆ ਜਾ ਸਕਦਾ ਹੈ। ਬੁੱਲ੍ਹੇ ਦੀ ਕਵਿਤਾ ਵਿਚ ਭਾਵ ਦੀ ਏਕਤਾ ਵੀ ਇਕ ਪ੍ਰਮੁੱਖ ਲੱਛਣ ਹੈ। ਪ੍ਰਮੁੱਖ ਰੂਪ ਵਿਚ ਉਹ 'ਇਸ਼ਕ ਰਬਾਨੀ' ਦਾ ਕਵੀ ਹੈ ਅਤੇ ਇਸ਼ਕ ਇਕ ਅਜਿਹਾ ਜਜ਼ਬਾ ਹੈ ਜੋ ਆਪਣੇ ਵਿਚ ਕਿਸੇ ਹੋਰ ਵਿਚਾਰ ਭਾਵ

ਜਾਂ ਜਜ਼ਬੇ ਨੂੰ ਸਮੰਲਿਤ ਨਹੀਂ ਹੋਣ ਦਿੰਦਾ। ਇਸੇ ਲਈ ਉਸ ਦੀਆਂ ਕਾਫ਼ੀਆਂ 'ਚ ਭਾਵ ਦੀ ਏਕਤਾ ਚੋਖੀ ਮਾਤਰਾ ਵਿਚ ਵਿਦਮਾਨ ਹੈ। ਉਹ ਕਾਫ਼ੀਆਂ ਵਿਚ 'ਅੰਤਰੇ' ਨੂੰ ਕੇਂਦਰ ਬਣਾ ਕੇ ਉਸ ਦੇ ਦੁਆਲੇ ਕਾਵਿ ਬੰਦਾ ਦੀਆਂ ਪੱਤੀਆਂ ਇਕ ਤਰਤੀਬ ਨਾਲ ਜੋੜਦਾ ਹੈ। ਜਿਸ ਨਾਲ ਕਾਫ਼ੀ ਵਿਚ ਤਰਤੀਬ ਤੇ ਸੰਗਠਨ ਆ ਜਾਂਦਾ ਹੈ ਅਜਿਹਾ ਭਾਵ ਦੀ ਏਕਤਾ ਕਾਰਨ ਹੁੰਦਾ ਹੈ। ਉਸ ਦੀਆਂ ਲਗਭਗ ਸਾਰੀਆਂ ਕਾਫ਼ੀਆਂ ਇਸੇ ਵਿਚਾਰ ਦੀਆਂ ਧਾਰਨੀ ਹਨ। ਇਥੇ ਅਸੀਂ ਉਸਦੀ ਇਕ ਲੰਮੀ ਕਾਫ਼ੀ ਦੇ ਆਲੋਚਨਾਤਮਕ ਅਧਿਐਨ ਲਈ ਆਪਣੇ ਮਤ ਦੀ ਪੁਸ਼ਟੀ ਕਰਦੇ ਹਾਂ।

ਪ੍ਰਥਮ ਕਾਫ਼ੀ ਵਿਚ ਬੁੱਲ੍ਹੇ ਨੇ ਅੰਤਰੇ ਦੀ ਪੰਕਤੀ ਵਿਚ ਇਕ ਅਨੁਭੂਤੀਗੱਤ ਭਾਵ ਸਿਰਜਿਆ ਹੈ, 'ਇਸ਼ਕ ਦੀ ਨਵੀਓ ਨਵੀਂ ਬਹਾਰ', ਜਿਸ ਤੋਂ ਉਸ ਦਾ ਭਾਵ ਹੈ ਕਿ ਇਸ਼ਕ ਦੀ ਅਨੁਭੂਤੀ ਵਿਚ ਵਿਅਕਤੀ ਨੂੰ ਹਰ ਰੋਜ਼ ਨਵੀਂ ਤਾਜ਼ਗੀ ਅਨੁਭਵ ਹੁੰਦੀ ਹੈ ਜਿਸ ਦੇ ਕਈ ਪੜਾਅ ਹਨ। ਉਹ ਇਸ਼ਕ ਦੇ ਇਕ ਨੁਕਤੇ ਦੁਆਲੇ ਇਸ ਦੇ ਵਿਭਿੰਨ ਰੂਪਾਂ ਤੇ ਪੜਾਵਾਂ ਨੂੰ ਨਿਬੇੜ ਕੇ ਆਪਣੇ ਇਸ਼ਕ ਹਕੀਕੀ ਤੱਕ ਦੇ ਪੜਾਅ ਵਿਚਲੀ ਲੜੀਗਤ ਸ਼੍ਰਿੰਖਲਾ ਸਥਾਪਤ ਕਰਦਾ ਹੈ।

ਪਹਿਲੇ ਬੰਦ ’ਚ ਇਸ਼ਕ ਵਿਚ ਆਪਣੇ ਪਰਵੇਸ਼ ਉਪਰੰਤ ਸ਼ਰਈ ਸਾਧਨਾਂ ਤੇ ਆਪਣੀ ਵਿਮੁਖਤਾ ਦਾ ਉਲੇਖ ਕਰਦਾ ਹੈ ਅਗਲੇ ਪੜਾਅ ਉਤੇ ਜਦੋਂ ਉਹ ਇਸ਼ਕ ਦੀ ਰਮਜ਼ ਪਾ ਜਾਂਦਾ ਹੈ ਤਾਂ ਅਲਮਸਤੀ ਕਾਰਨ ਉਸ ਦੇ ਅੰਦਰ ਬਾਹਰ ਇਸ ਭਰਮ ਤੋਂ ਮੁਕਤੀ ਮਿਲ ਜਾਂਦੀ ਹੈ ਅਤੇ ਉਸਨੂੰ ਸਭ ਪਾਸੇ ਆਪਣਾ ਪਿਆਰਾ ਦਿਖਾਈ ਦੇਣ ਲੱਗਦਾ ਹੈ। ਅਗਲੀ ਅਵਸਥਾ ਹੀਰ ਅਤੇ ਰਾਂਝੇ ਅਥਵਾ ਪਰਮਾਤਮਾ ਤੇ ਸਾਧਕ ਦੇ ਇਕਮਿਕ ਹੋ ਜਾਣ ਦੀ ਅਵਸਥਾ ਹੈ। ਰਾਂਝਾ ਉਸਦੀ ਬੁੱਕਲ ਵਿਚ ਆ ਜਾਂਦਾ ਹੈ ਜੋ ਉਸ ਦੇ ਇਸ਼ਕ ਦਾ ਆਦਰਸ਼ ਹੈ। ਉਸ ਨੂੰ ਦੁਨੀਆਂ ਜਹਾਨ ਦੀ ਕੋਈ ਖਾਹਿਸ਼ ਨਹੀਂ ਰਹਿੰਦੀ। ਇਹ ਪ੍ਰਾਪਤੀ ਧਰਮ-ਗ੍ਰੰਥ ਪੜ੍ਹਨ , ਪਾਠ ਕਰਨ ਜਾਂ ਤੀਰਥ ਯਾਤਰਾ ਕਰਨ ਨਾਲ ਪ੍ਰਾਪਤ ਨਹੀਂ ਹੋਈ। ਇਹ ਤਾਂ ਨਿੱਜੀ ਸਾਧਨਾਂ ਦਾ ਨਤੀਜਾ ਸੀ ਜਦ ਰੱਬ ਨਾਲ ਅਭੇਦਤਾ ਹੋ ਹੀ ਗਈ ਤਾਂ ਬੁੱਲ੍ਹਾ ਉਪਾਸ਼ਕਾਂ ਦੇ ਸਾਰੇ ਸਾਧਨਾਂ ਨੂੰ ਛੱਡ ਦਿੰਦਾ ਹੈ। ਮਸੀਤਾਂ ਵਿਚ ਉਮਰ ਗੁਆਉਣ ਨੂੰ ਅਜਾਈਂ ਦੱਸਦਾ ਹੈ ਹੁਣ ਉਹ ਅਜਿਹੀ ਅਵਸਥਾ ‘ਤੇ ਪੁੱਜ ਗਿਆ ਹੈ ਜਿੱਥੇ ਉਹ ਇਸ਼ਕ ਦੇ ਸਾਰੇ ਰਾਹ ਦੇਖਣ ਉਪਰੰਤ ਸੰਬੋਧਨੀ ਸੁਰ ਵਿਚ ਬੋਲਦਾ ਹੈ :

*ਇਸ਼ਕ ਭੁਲਾਇਆ ਸਿਜਦਾ ਤੇਰਾ,ਹੁਣ ਕਿਉਂ ਐਵੇਂ ਪਾਵੇ ਝੇੜਾ*
*ਬੁੱਲ੍ਹਾ ਹੋ ਰਹੁ ਚੁਪ ਚੁਪੇਰਾ,ਚੁੱਕੀ ਸਗਲੀ ਕੂਕ ਪੁਕਾਰ*
*ਇਸ਼ਕ ਦੀ ਨਵੀਉਂ ਨਵੀਂ ਬਹਾਰ।* (ਕਾਫੀ-1)

ਭਾਵ ਏਕਤਾ ਦੀ ਅਜਿਹੀ ਜੁਗਤਕਾਰੀ ਉਸ ਦੀਆਂ ਹੇਠ ਲਿਖੀਆਂ ਕਾਫ਼ੀਆਂ ਵਿਚੋਂ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ:

*ਪਾਇਆ ਹੈ ਕਿਛੁ ਪਾਇਆ ਹੈ, ਮੇਰੇ ਸਤਿਗੁਰ ਅਲਖ ਲਖਾਇਆ ਹੈ।* (ਕਾਫੀ-3)
*ਮੇਰੀ ਬੁੱਕਲ ਦੇ ਵਿਚ ਚੋਰ, ਸਾਧੋ ਕਿਸ ਨੂੰ ਕੂਕ ਸੁਣਾਵਾਂ*
*ਮੇਰੀ ਬੁੱਕਲ ਦੇ ਵਿਚ ਚੋਰ।* (ਕਾਫੀ-6)

ਅਜਿਹੀਆਂ ਹੋਰ ਬਹੁਤ ਸਾਰੀਆਂ ਕਾਫ਼ੀਆਂ ਇਕਹਿਰੇ ਭਾਵ ਨਾਲ ਉਸਰੀਆਂ ਹੋਈਆਂ ਉਸ ਦੀਆਂ ਸੰਗਠਤ ਰਚਨਾਵਾਂ ਹਨ।

**ਸੰਖੇਪਤਾ :**

ਤੀਖਣ ਜਜ਼ਬਾਤ ਦੀ ਉਪਜ ਹੋਣ ਕਾਰਨ ਪ੍ਰਗੀਤਕ ਰਚਨਾ ਵੱਡ-ਆਕਾਰੀ ਹੋ ਹੀ ਨਹੀਂ ਸਕਦੀ। ਆਕਾਰ ਦੀ ਲਘੂਤਾ ਇਸ ਦਾ ਪ੍ਰਮੁੱਖ ਲੱਛਣ ਹੈ। ਕੋਈ ਵੀ ਚੀਜ਼ ਟੀਸੀ ਉਤੇ ਬਹੁਤੀ ਦੇਰ ਅਟਕ ਨਹੀਂ ਸਕਦੀ। ਜਜ਼ਬਾਤ ਦੀ ਭਰਮਾਰ ਨੂੰ ਵੀ ਬਹੁਤੀ ਦੇਰ ਸਿਖ਼ਰ ਉਤੇ ਨਹੀਂ ਰਖਿਆ ਜਾ ਸਕਦਾ। ਪ੍ਰਗੀਤਕ ਰਚਨਾ ਵਿਚ ਭਾਵ ਦੀ ਤੀਬਰਤਮ ਛਿਣ ਭੰਗਰੀ ਅਵਸਥਾ ਦਰਸਾਈ ਜਾਂਦੀ ਹੈ, ਜਿਸ ਨੂੰ ਅੰਤਰੇ ਉਤੇ ਕੁਝ ਸਮਭਾਵੀ ਬੰਦਾ ਰਾਹੀਂ ਪ੍ਰਕਾਸ਼ਿਆ ਜਾਂਦਾ ਹੈ। ਲਘੂ-ਆਕਾਰੀ ਤਿਖੇਰੀ ਰਚਨਾ ਸਰੋਤੇ ਦੀ ਅਨੁਭੂਤੀ ਨੂੰ ਵੀ ਤੀਖਣ ਬਣਾਉਂਦੀ ਹੈ। ਬੁੱਲ੍ਹੇ ਸ਼ਾਹ ਦੀਆਂ ਬਹੁਤੀਆਂ ਕਾਫ਼ੀਆਂ ਲਘੂ-ਆਕਾਰੀ ਹਨ ਪ੍ਰੰਤੂ ਉਸ ਦੀਆਂ ਕੁਝ ਇਕ ਕਾਫ਼ੀਆਂ ਜਿਵੇਂ 'ਕਹੁ ਕਿਸ ਥੀ ਆਪ ਛਿਪਾਈ ਦਾ' (ਕਾਫੀ 31), 'ਟੁਕ ਬੂਝ ਕੌਣ ਤਪ ਆਯਾ ਹੈ' (ਕਾਫੀ 32), 'ਹਿਸਾਬ ਕਹੇ ਦਰਵੇਸ਼ੀ ਕੋਲੋਂ, ਕਬ ਲਗ ਹੁਕਮ ਜੁਲਾਵੇਗਾ' (ਕਾਫੀ-36) ਅਤੇ 'ਰਹੁ ਵੇ ਇਸ਼ਕਾ

ਮਾਰਿਆ ਈ' (ਕਾਫੀ 51) ਆਦਿ ਹੀ ਲੰਮੇਰੀਆਂ ਕਾਫ਼ੀਆਂ ਹਨ ਬਾਕੀ ਸਾਰੀਆਂ ਲਘੂ-ਆਕਾਰੀ ਰਚਨਾਵਾਂ ਹਨ। ਬੁੱਲ੍ਹੇ ਨੇ ਆਪਣੀਆਂ ਛੋਟੀਆਂ ਰਚਨਾਵਾਂ ਵਿਚ ਆਪਣੀ ਗੱਲ ਨੂੰ ਬਹੁਤ ਹੀ ਖੁਸ਼ਨੁਮਾ ਰੂਪ ਵਿਚ ਪੇਸ਼ ਕੀਤਾ ਹੈ। ਲਘੂ-ਆਕਾਰਤਾ ਦੇ ਪੱਖੋਂ ਉਸ ਦੀਆਂ ਹੇਠ ਲਿਖੀਆਂ ਕਾਫ਼ੀਆਂ ਮਹੱਤਵਪੂਰਨ ਹਨ :

*ਰਾਂਝਾ ਰਾਂਝਾ ਕਰਦੀ ਨੀ ਮੈਂ,ਆਪੇ ਰਾਂਝਾ ਹੋਈ।* (ਕਾਫੀ 7)
*ਕੀ ਕਰਦਾ ਕੀ ਕਰਦਾ ਵੇ,ਪੁੱਛੋ ਤਾਂ ਦਿਲਬਰ ਕੀ ਕਰਦਾ ਵੇ।* (ਕਾਫੀ-14)
*ਅਬ ਲਗਨ ਲਗੀ ਕਿਆ ਕਰੀਏ,ਨਾਹਿ ਜੀ ਸਕੀਏ ਨਾਹਿ ਮਰੀਏ।* (ਕਾਫੀ-18)
*ਸਭ ਇਕੋ ਰੰਗ ਕਪਾਹੀ ਦਾ,ਤੇ ਆਪੇ ਰੂਪ ਵਟਾਈ ਦਾ।* (ਕਾਫ਼ੀ-45)
*ਤੂੰ ਹੀ ਤੂੰ ਓ ਮੈਂ ਨਾਹੀ ਵੇ ਸੱਜਣਾ, ਤੂੰ ਹੀ ਤੂੰ ਓ ਹੈ ਮੈਂ ਨਾਹੀਂ।* (ਕਾਫੀ-61)

ਇੰਜ ਲੰਮੇਰੀ ਰਚਨਾ ਆਪਣੇ ਬੋਝਲ ਪਸਾਰ ਕਾਰਨ ਭਾਵਾਂ ਨੂੰ ਟੁੰਬਣ ਤੋਂ ਅਸਮਰਥ ਹੁੰਦੀ ਹੈ। ਅਸਲ ਵਿਚ ਸੰਖੇਪਤਾ ਸਰੋਦੀ ਕਾਵਿ ਦਾ ਪ੍ਰਮੁੱਖ ਗੁਣ ਹੈ। ਏਸੇ ਲਈ ਮਲਵਈ ਟੱਪਿਆਂ, ਗ਼ਜ਼ਲ ਦੇ ਸ਼ੇਅਰਾਂ, ਦੋਹੜਿਆਂ ਅਤੇ ਰੁਬਾਈਆਂ ਵਿਚ ਗੱਲ ਸੰਖੇਪ 'ਚ ਕਹੀ ਹੋਣ ਕਰਕੇ ਬੜੀ ਭਾਵਪੂਰਤ ਹੋ ਜਾਂਦੀ ਹੈ। ਪ੍ਰਗੀਤਕ ਰਚਨਾ ਲੰਮੇਰੀ ਹੋ ਹੀ ਨਹੀਂ ਸਕਦੀ, ਕਿਉਂਕਿ ਇਕਹਿਰੇ ਭਾਵ ਦੀ ਵਾਹਕ ਹੋਣ ਕਰਕੇ ਇਸ ਦਾ ਲਘੂ-ਆਕਾਰੀ ਹੋਣਾ ਸੁਭਾਵਕ ਹੈ।

ਸਿੱਟੇ ਦੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਸਰੋਦੀ ਕਾਵਿ ਦੇ ਨਿਰਧਾਰਤ ਤੱਤਾਂ ਤੋਂ ਵਾਚਿਆਂ ਬੁੱਲ੍ਹੇ ਸ਼ਾਹ ਦੀ ਰਚਨਾ ਪੰਜਾਬੀ ਸਰੋਦੀ ਕਾਵਿ ਦਾ ਇਸ਼ਕ ਹਕੀਕੀ ਦੇ ਪੱਖ ਤੋਂ ਉੱਤਮ ਨਮੂਨਾ ਸਿੱਧ ਹੁੰਦੀ ਹੈ। ਇਸ ਵਿਚ ਇਸ਼ਕ ਮਜਾਜ਼ੀ ਦੀ ਅਣਹੋਂਦ ਇਸ ਨੂੰ ਬਾਕੀ ਦੇ ਸਰੋਦੀ ਕਾਵਿ ਨਾਲੋਂ ਵੱਖਰਿਆਂ ਕਰਦੀ ਹੈ। ਬੁੱਲ੍ਹੇ ਸ਼ਾਹ ਦੀ ਨਿੱਜ ਅਨੁਭੂਤੀ ਇਸ ਦੀ ਮੂਲ ਨਿਰਮਾਤੀ ਸ਼ਕਤੀ ਹੈ। ਉਹ ਆਪਣੇ ਸਵੈ, ਮੁਰਸ਼ਦ ਜਾਂ ਰੱਬ ਨੂੰ ਅਲਮਸਤੀ ਦੀ ਅਵਸਥਾ 'ਚ ਸੰਬੋਧਿਤ ਹੈ, ਪਰ ਉਸ ਦੀ ਆਪਣੀ ਇਸ ਅਵਸਥਾ ਨੂੰ ਸਰੋਤਿਆਂ ਜਾਂ ਪਾਠਕਾਂ ਅੱਗੇ ਪ੍ਰਸਤੁਤ ਕਰਨ ਦੀ ਕੋਈ ਇੱਛਾ ਨਹੀਂ ਹੈ। ਇਹ ਰਚਨਾ ਉਸਦੇ ਆਪੇ ਵਿਚ ਕੇਂਦਰਿਤ ਹੋਣ ਦੀ ਅਭਿਵਿਅੰਜਨਾ ਹੈ, ਸੰਸਾਰੀ ਬਿਖੇੜਿਆਂ ਤੋਂ ਉਹ ਨਿਰਲੇਪ ਹੈ। ਬਕਾਇਦਾ ਸੰਗੀਤ ਦੀਖਿਅਤ ਹੋਣ ਕਰਕੇ ਉਸਨੇ ਇਹ ਕਾਫ਼ੀਆਂ ਰਾਗ ਅਨੁਸਾਰੀ ਗਾ ਗਾ ਕੇ ਲਿਖੀਆਂ ਹਨ। ਇਸ ਕਰਕੇ ਇਹ ਸਾਰੀਆਂ ਕੱਵਾਲੀ ਦੀ ਧਾਰਨਾ ਉੱਤੇ ਗਾਏ ਜਾਣ ਵਾਲੀਆਂ ਹਨ। ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਜਜ਼ਬਾਤ ਨਾਲ ਸਬੰਧਿਤ ਭਾਵ ਆਵੇਸ਼ਤ,ਇਕਹਿਰੇ ਭਾਵ ਵਾਲੀਆਂ,ਤੀਬਰਤਮ ਅਤੇ ਲਘੂ ਆਕਾਰੀ ਹੋਣ ਕਰਕੇ ਆਪਣੀ ਤਰ੍ਹਾਂ ਦਾ ਸ੍ਰੇਸ਼ਠ ਸਰੋਦੀ ਕਾਵਿ ਹਨ।

**ਹਵਾਲੇ :**


1. ਜੋਸ਼ੀ ਠਾਕੁਰ ਦੱਤ (ਡਾ.), **ਆਧੁਨਿਕ ਪ੍ਰਗੀਤ ਸ਼ਿਲਪ**, ਪੰਨਾ 9.
2. ਸਤਿੰਦਰ ਸਿੰਘ (ਡਾ.), **ਆਧੁਨਿਕ ਪੰਜਾਬੀ ਕਾਵਿ ਰੂਪ ਅਧਿਐਨ**,ਪੰਨਾ, 169.
3. Hudson.W.H, **An Introduction to the study of literature**, p. 96.
4. **Encyclopedia of Bretaninica**,vol XV11, p.177.
5. Barbara Hardy, **The Advantage of lyric**, p.2.
6. Northorp Frye, **Anatomy of Criticism**, p.250.
7. Jonathan Cullar, **The Pursuit of Signs**, p.149.
8. ਜੋਸ਼ੀ ਠਾਕੁਰ ਦੱਤ (ਡਾ.), **ਆਧੁਨਿਕ ਪ੍ਰਗੀਤ ਸ਼ਿਲਪ**, ਪੰਨਾ 9.
9. ਬ੍ਰਿਹਤ ਹਿੰਦੀ ਕੋਸ਼, ਪੰਨਾ 721.
10. ਰਾਧਿਕਾ ਸਿੰਘ (ਡਾ.), **ਮਹਾਦੇਵੀ ਵਰਮਾ ਕੇ ਕਾਵਿਯ ਮੇਂ ਲਾਲਿਤਯ ਯੋਜਨਾ**, ਪੰਨਾ 255.
11. ਨਿਰਮਲਾ ਜੈਨ (ਡਾ.), **ਆਧੁਨਿਕ ਹਿੰਦੀ ਕਾਵਯ ਮੇਂ ਰੂਪ ਵਿਧਾਏਂ**, ਪੰਨਾ 508.
12. ਗਿੱਲ ਮਹਿੰਦਰ ਕੌਰ (ਡਾ.), **ਪ੍ਰਗੀਤ**, ਪੰਨਾ 12.
13. Northrop Frye, **Anatomy of Criticism**, p. 271.
14. ਸਤਿੰਦਰ ਸਿੰਘ (ਡਾ.), **ਆਧੁਨਿਕ ਪੰਜਾਬੀ ਕਾਵਿ ਰੂਪ ਅਧਿਐਨ**, ਪੰਨਾ 169-170.
15. ਗੁਰਦਿੱਤ ਸਿੰਘ ਪ੍ਰੇਮੀ, ਬੁੱਲ੍ਹੇ ਸ਼ਾਹ ਰਚਿਤ ਕਾਵਿ ਦਾ ਆਲੋਚਨਾਤਮਿਕ ਪਰਿਚੈ, **ਖੋਜ ਪਤ੍ਰਿਕਾ** (ਸਾਂਈ ਬੁੱਲ੍ਹੇ ਸ਼ਾਹ ਵਿਸ਼ੇਸ਼ ਅੰਕ), ਪੰਨਾ 247.

16. ਢਿੱਲੋਂ ਹਰਜਿੰਦਰ ਸਿੰਘ (ਡਾ.), **ਬੁੱਲ੍ਹੇ ਸ਼ਾਹ ਦੀ ਵਿਚਾਰਧਾਰਾ**, ਪੰਨਾ 97.
17. ਸ਼ੀਤਲ ਜੀਤ ਸਿੰਘ (ਡਾ.), **ਬੁੱਲ੍ਹੇ ਸ਼ਾਹ ਜੀਵਨ ਤੇ ਰਚਨਾ**, ਪੰਨਾ 3.
18. ਲਾਜਵੰਤੀ ਰਾਮਾਕ੍ਰਿਸ਼ਨਾ, **ਪੰਜਾਬੀ ਸੂਫ਼ੀ ਪੋਇਟਿਸ**, ਪੰਨਾ 58.
19. ਦੀਵਾਨਾ ਮੋਹਨ ਸਿੰਘ (ਡਾ.), **ਬੁੱਲ੍ਹੇ ਸ਼ਾਹ**, ਪੰਨਾ 2.
20. ਕਿਰਪਾਲ ਸਿੰਘ ਕਸੇਲ ਅਤੇ ਹੋਰ, **ਪੰਜਾਬੀ ਸਾਹਿਤ ਦੀ ਉਤਪਤੀ ਅਤੇ ਵਿਕਾਸ**, ਪੰਨਾ 283-285.
21. ਸ਼ੀਤਲ ਜੀਤ ਸਿੰਘ (ਡਾ.), **ਬੁੱਲ੍ਹੇ ਸ਼ਾਹ ਜੀਵਨ ਤੇ ਰਚਨਾ**, ਪੰਨਾ 39-40.
22 ਜੋਸ਼ੀ ਠਾਕੁਰ ਦੱਤ ( ਡਾ.), **ਆਧੁਨਿਕ ਪ੍ਰਗੀਤ ਸ਼ਿਲਪ**, ਪੰਨਾ 9.
23. ਭਾਈ ਕਾਹਨ ਸਿੰਘ ਨਾਭਾ, **ਮਹਾਨ ਕੋਸ਼**, ਪੰਨਾ 239.
24. ਸਤਿੰਦਰ ਸਿੰਘ (ਡਾ.), **ਆਧੁਨਿਕ ਪੰਜਾਬੀ ਕਾਵਿ ਰੂਪ ਅਧਿਐਨ**, ਪੰਨਾ 212.

◈